Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol :4 : # ਅੰਕ 169 14/11/2025 www.samajweekly.com samajweekly @samajweekly samajweekly

# ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ ਤੋਂ ਮੰਗੀ ਰਿਪੋਰਟ, ਪੁਛਿਆ-ਪਰਾਲੀ ਸਾੜਨ ਤੋਂ ਰੋਕਣ ਲਈ ਕੀ ਕੀਤਾ?

## ਕੁੱਝ ਥਾਵਾਂ ਉਤੇ ਏਅਰ ਕੁਆਲਿਟੀ ਇੰਡੈਕਸ 450 ਨੂੰ ਪਾਰ ਕਰ ਗਿਆ ਹੈ

**ਨਵੀਂ ਦਿੱਲੀ ।** ਦਿੱਲੀ-ਐਨ.ਸੀ.ਆਰ. ’ਚ ਪਰਾਲੀ ਸਾੜਨ ਕਾਰਨ ਹਵਾ ਦੀ ਗੁਣਵੱਤਾ ਦਾ ਪੱਧਰ ਹੋਰ ਵਿਗੜਨ ਦਾ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਬੁਧਵਾਰ ਨੂੰ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਸਥਿਤੀ ਉਤੇ ਕਾਬੂ ਪਾਉਣ ਲਈ ਚੁਕੇ ਗਏ ਕਦਮਾਂ ਬਾਰੇ ਜਾਣੂ ਕਰਵਾਉਣ ਲਈ ਕਿਹਾ ਹੈ। ਚੀਫ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਅਤੇ ਜਸਟਿਸ ਐਨ.ਵੀ. ਅੰਜਾਰੀਆ ਦੀ ਬੈਂਚ ਨੇ ਵੀ 17 ਨਵੰਬਰ ਨੂੰ ਪਟੀਸ਼ਨ ਉਤੇ ਸੁਣਵਾਈ ਕਰਨ ਲਈ ਸਹਿਮਤੀ ਦਿਤੀ। ਚੀਫ਼ ਜਸਟਿਸ ਨੇ ਕਿਹਾ, ‘‘ਪਰਾਲੀ ਸਾੜਨ ਉਤੇ ਰੋਕ ਪਾਉਣ ਲਈ ਚੁਕੇ ਗਏ ਕਦਮਾਂ ਉਤੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਜਵਾਬ ਦੇਣਾ ਚਾਹੀਦਾ ਹੈ।’’ ਇਸ ਤੋਂ ਪਹਿਲਾਂ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਬੁਧਵਾਰ ਨੂੰ ਤੈਅ ਕੀਤੀ ਸੀ। ਸ਼ੁਰੂ ’ਚ, ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਕਿਹਾ ਕਿ ਇਸ ਸਮੇਂ ਗਰੈਪ-4 ਨਿਯਮ



ਲਾਗੂ ਹਨ। ਸੀਨੀਅਰ ਵਕੀਲ ਨੇ ਕਿਹਾ, ‘‘ਗਰੈਪ-4 ਲਾਗੂ ਕੀਤਾ ਜਾਣਾ ਚਾਹੀਦਾ ਹੈ। ਕੁੱਝ ਥਾਵਾਂ ਉਤੇ ਏਅਰ ਕੁਆਲਿਟੀ ਇੰਡੈਕਸ 450 ਨੂੰ ਪਾਰ ਕਰ ਗਿਆ ਹੈ। ਇੱਥੇ ਇਕ ਅਦਾਲਤ ਦੇ ਬਾਹਰ ਡਰਿਲਿੰਗ ਖੁਦਾਈ ਹੋ ਰਹੀ ਹੈ... ਇਹ ਘੱਟੋ-ਘੱਟ ਇਨ੍ਹਾਂ ਅਹਾਤਿਆਂ ਦੇ ਅੰਦਰ ਨਹੀਂ ਹੋਣਾ ਚਾਹੀਦਾ।’’ ਸੀ.ਜੇ.ਆਈ. ਨੇ ਕਿਹਾ ਕਿ ਉਸਾਰੀ ਦੀ ਗਤੀਵਿਧੀ ਦੇ ਸਬੰਧ ਵਿਚ ਕਾਰਵਾਈ ਕੀਤੀ ਜਾਵੇਗੀ। ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (ਗਰੈਪ) ਇਕ ਢਾਂਚਾ ਹੈ ਜੋ ਹਵਾ ਦੀ ਗੁਣਵੱਤਾ ਦੀ ਗੰਭੀਰਤਾ ਦੇ ਅਧਾਰ ਉਤੇ ਉਪਾਵਾਂ ਦੀ ਇਕ ਪੱਧਰੀ ਪ੍ਰਣਾਲੀ ਵਲੋਂ ਦਿੱਲੀ-ਐਨ.ਸੀ.ਆਰ. ਖੇਤਰ ਵਿਚ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਤਿਆਰ ਕੀਤਾ ਗਿਆ ਹੈ। ਸੀਨੀਅਰ ਵਕੀਲ ਅਪਰਾਜਿਤਾ ਸਿੰਘ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਪੰਜਾਬ ਅਤੇ ਹਰਿਆਣਾ ’ਚ ਪਰਾਲੀ ਸਾੜਨ ਦਾ ਕੰਮ ਵੱਡੇ ਪੱਧਰ ਉਤੇ ਸ਼ੁਰੂ ਹੋ ਗਿਆ ਹੈ, ਜਿਸ ਨਾਲ ਦਿੱਲੀ-ਐਨ.ਸੀ.ਆਰ. ’ਚ ਹਵਾ ਦੀ ਗੁਣਵੱਤਾ ਦਾ ਪੱਧਰ ਹੋਰ ਵਿਗੜ ਗਿਆ ਹੈ।

# ਪੁਣੇ ਵਿੱਚ ਦੋ ਟਰੱਕਾਂ ਨੂੰ ਅੱਗ; ਟਰੱਕਾਂ ਦਰਮਿਆਨ ਫਸੀ ਕਾਰ; 8 ਹਲਾਕ

## 15 ਹੋਰ ਜ਼ਖਮੀ; ਦਰਜਨ ਵਾਹਨ ਆਪਸ ਵਿਚ ਟਕਰਾਏ

**ਪੁਣੇ।** ਪੁਣੇ ਸ਼ਹਿਰ ਦੇ ਬਾਹਰਵਾਰ ਮੁੰਬਈ-ਬੰਗਲੂਰੂ ਹਾਈਵੇਅ ’ਤੇ ਇੱਕ ਪੁਲ ’ਤੇ ਇਕ ਟਰੱਕ ਦੀ ਬਰੇਕ ਫੇਲ੍ਹ ਹੋਣ ਤੋਂ ਬਾਅਦ ਦੋ ਕੰਟੇਨਰ ਟਰੱਕਾਂ ਨੂੰ ਅੱਗ ਲਗ ਗਈ ਤੇ ਇਨ੍ਹਾਂ ਟਰੱਕਾਂ ਦਰਮਿਆਨ ਕਾਰ ਫਸ ਗਈ ਜਿਸ ਕਾਰਨ 8 ਜਣਿਆਂ ਦੀ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਇਸ ਹਾਦਸੇ ਵਿਚ 15 ਜਣਿਆਂ ਦੇ ਕਰੀਬ ਹੋਰ ਜ਼ਖਮੀ ਹੋ ਗਏ ਹਨ। ਇੱਕ ਪੁਲੀਸ ਅਧਿਕਾਰੀ ਨੇ ਕਿਹਾ, ‘ਇਸ ਹਾਦਸੇ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ ਤੇ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ।’ਹਾਦਸੇ ਤੋਂ ਬਾਅਦ ਸਾਹਮਣੇ ਆਏ ਵੀਡੀਓਜ਼ ਵਿੱਚ ਕਾਰ ਦੋ ਭਾਰੀ ਵਾਹਨਾਂ ਵਿਚਕਾਰ ਫਸੀ ਹੋਈ ਦਿਖਾਈ ਦੇ



ਰਹੀ ਹੈ ਜੋ ਅੱਗ ਦੀਆਂ ਲਪਟਾਂ ਵਿੱਚ ਘਿਰੇ ਹੋਏ ਸਨ। ਇਸ ਮੌਕੇ ਫਾਇਰ ਬ੍ਰਿਗੇਡ ਵਲੋਂ ਅੱਗ ਬੁਝਾਈ ਗਈ। ਇਸ ਹਾਦਸੇ ਵਿਚ ਦਰਜਨ ਤੋਂ ਵੱਧ ਵਾਹਨ ਵਾਹਨ ਆਪਸ ਵਿਚ ਟਕਰਾ ਗਏ ਸਨ।

# ਫਗਵਾੜਾ ਪੁਲਿਸ ਨੇ ਪੰਜਾਬੀ ਗਾਇਕ ਹਸਨ ਮਾਣਕ ਨੂੰ ਕੀਤਾ ਗ੍ਰਿਫ਼ਤਾਰ

**ਕਪੂਰਥਲਾ।** ਕਪੂਰਥਲਾ ਜ਼ਿਲ੍ਹੇ ਦੇ ਸਿਟੀ ਫਗਵਾੜਾ ਪੁਲਿਸ ਸਟੇਸ਼ਨ ਦੀ ਪੁਲਿਸ ਨੇ ਪ੍ਰਸਿੱਧ ਪੰਜਾਬੀ ਗਾਇਕ ਹਸਨ ਖਾਨ ਉਰਫ਼ ਹਸਨ ਮਾਣਕ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦੇ ਹੋਏ ਡੀਐਸਪੀ ਫਗਵਾੜਾ ਭਾਰਤ ਭੂਸ਼ਣ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ 30 ਮਈ, 2025 ਨੂੰ ਸਿਟੀ ਫਗਵਾੜਾ ਪੁਲਿਸ ਸਟੇਸ਼ਨ ਵਿੱਚ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਬਾਅਦ ਵਿੱਚ ਉਸ ਨੂੰ ਗ੍ਰਿਫ਼ਤਾਰ ਕਰਕੇ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਰਿਪੋਰਟਾਂ ਅਨੁਸਾਰ, ਗਾਇਕਾ ਦੀ ਪਹਿਲੀ ਪਤਨੀ ਪਰਵਿੰਦਰ ਕੌਰ ਨੇ ਕੁਝ ਮਹੀਨੇ ਪਹਿਲਾਂ ਸਿਟੀ ਫਗਵਾੜਾ ਪੁਲਿਸ



ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਧੋਖਾਧੜੀ ਨਾਲ ਦੂਜਾ ਵਿਆਹ ਕਰਵਾਉਣ ਅਤੇ ਉਸ ਦੇ ਸੋਨੇ ਦੇ ਗਹਿਣਿਆਂ ਦੇ ਹੜੱਪਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਸ਼ਿਕਾਇਤ ਦੇ ਆਧਾਰ 'ਤੇ, ਪੁਲਿਸ ਨੇ 30 ਮਈ ਨੂੰ ਮੁਲਜ਼ਮ ਖ਼ਿਲਾਫ਼ ਧੋਖਾਧੜੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ। ਅਦਾਲਤ ਨੇ ਦੋਸ਼ੀ ਵਿਰੁੱਧ ਬਲਾਤਕਾਰ ਦੀ ਧਾਰਾ ਜੋੜਨ ਦਾ ਹੁਕਮ ਵੀ ਜਾਰੀ ਕੀਤਾ।

# ਪਿੰਡ ਠੱਠੇ 'ਚ ਜ਼ਮੀਨ ਵਿਵਾਦ ਦੌਰਾਨ ਚੱਲੀਆਂ ਗੋਲੀਆਂ, 21 ਸਾਲ ਦੇ ਨੌਜਵਾਨ ਦੀ ਮੌਤ

**ਅੰਮ੍ਰਿਤਸਰ।** ਥਾਣਾ ਲੋਪੋਕੇ ਦੇ ਅਧੀਨ ਆਉਂਦੇ ਪਿੰਡ ਠੱਠੇ 'ਚ ਜ਼ਮੀਨ ਦੇ ਵਿਵਾਦ ਕਾਰਨ ਗੋਲੀਆਂ ਚਲਣ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦੌਰਾਨ ਇੱਕ ਪਾਸੇ ਵੱਲੋਂ ਦੂਜੇ ਪਾਸੇ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਤਿੱਖੇ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਇਸ ਹਮਲੇ 'ਚ 21 ਸਾਲਾ ਜਵਾਨ ਜਸਕਰਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸਦੇ ਪਿਤਾ ਨੂੰ ਵੀ ਗੋਲੀਆਂ ਅਤੇ ਦਾਤਰ ਨਾਲ ਜ਼ਖ਼ਮੀ ਕੀਤਾ ਗਿਆ, ਜਿਨ੍ਹਾਂ ਦਾ ਇਲਾਜ ਅਸਪਤਾਲ 'ਚ ਚੱਲ ਰਿਹਾ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦਾ ਪਰਿਵਾਰ ਕਾਫ਼ੀ ਸਮੇਂ ਤੋਂ ਪਿੰਡ ਵਿੱਚ ਜ਼ਮੀਨ ਦੇ ਵਿਵਾਦ ਦਾ ਸਾਹਮਣਾ ਕਰ ਰਿਹਾ ਸੀ। ਪਿੰਡ ਦੇ ਕੁਝ ਮੋਹਤਬਰਾਂ ਨੇ ਮਾਮਲਾ ਸੁਲਝਾਉਣ ਅਤੇ ਰਾਜੀਨਾਮਾ ਕਰਵਾਉਣ ਦਾ ਭਰੋਸਾ ਦਿੱਤਾ ਸੀ। ਅੱਜ ਸਵੇਰੇ ਜਸਕਰਨ ਸਿੰਘ ਮੋਹਤਬਰਾਂ ਨੂੰ ਘਰ ਛੱਡ ਕੇ ਜ਼ਮੀਨ 'ਤੇ ਗਿਆ ਸੀ, ਜਿੱਥੇ ਪਹਿਲਾਂ ਤੋਂ ਘਾਤ ਲਗਾ ਕੇ ਬੈਠੇ ਕੁਝ ਲੋਕਾਂ ਨੇ ਉਸ 'ਤੇ ਅਚਾਨਕ ਹਮਲਾ ਕਰ ਦਿੱਤਾ। ਪਰਿਵਾਰ ਮੁਤਾਬਕ ਜਸਕਰਨ ਨੂੰ ਛਾਤੀ 'ਚ ਗੋਲੀ ਲੱਗੀ ਅਤੇ ਦਾਤਰ ਨਾਲ ਵਾਰ ਕੀਤੇ ਗਏ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰ ਦਾ ਕਹਿਣਾ ਹੈ ਕਿ ਜਸਕਰਨ ਸਿੰਘ ਉਹਨਾਂ ਦਾ ਇਕੱਲਾ ਪੁੱਤਰ ਸੀ, ਜਿਸ ਦੀ ਮੌਤ ਨਾਲ ਘਰ ਵਿੱਚ ਮਾਤਮ ਦਾ ਮਾਹੌਲ ਹੈ। ਉਹਨਾਂ ਨੇ ਪੁਲਿਸ ਅਤੇ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਇਸ ਮਾਮਲੇ 'ਚ ਪੁਲਿਸ ਅਧਿਕਾਰੀ ਸਤਪਾਲ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਸ਼ਾਮ ਲਗਭਗ 7:30 ਵਜੇ ਅਸਪਤਾਲ ਤੋਂ ਫ਼ੋਨ 'ਤੇ ਸੂਚਨਾ ਮਿਲੀ ਸੀ। ਪੁਲਿਸ ਮੌਕੇ 'ਤੇ ਪਹੁੰਚ ਕੇ ਜਾਂਚ ਕਰ ਰਹੀ ਹੈ ਅਤੇ ਪਰਿਵਾਰਕ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਸਤਪਾਲ ਸਿੰਘ ਨੇ ਕਿਹਾ ਕਿ ਦੋਸ਼ੀਆਂ ਦੀ ਤਲਾਸ਼ ਲਈ ਟੀਮਾਂ ਬਣਾਈਆਂ ਗਈਆਂ ਹਨ ਅਤੇ ਜਲਦੀ ਹੀ ਗ੍ਰਿਫਤਾਰੀ ਕੀਤੀ ਜਾਵੇਗੀ। ਇਸ ਦਰਦਨਾਕ ਘਟਨਾ ਤੋਂ ਬਾਅਦ ਸਾਰੇ ਪਿੰਡ 'ਚ ਦਹਿਸ਼ਤ ਦਾ ਮਾਹੌਲ ਹੈ ਅਤੇ ਲੋਕ 21 ਸਾਲਾ ਜਵਾਨ ਦੀ ਅਕਾਲ ਮੌਤ 'ਤੇ ਸੋਗ ਮਨਾ ਰਹੇ ਹਨ।



# ਕੁਪਵਾੜਾ ਦੇ ਜਾਬਰੀ ਜੰਗਲ 'ਚੋਂ 6 ਗ੍ਰਨੇਡ ਬਰਾਮਦ

**ਕੁਪਵਾੜਾ।** ਭਾਰਤੀ ਫੌਜ, ਜੰਮੂ-ਕਸ਼ਮੀਰ ਪੁਲਿਸ ਅਤੇ ਸੀਮਾ ਸੁਰੱਖਿਆ ਬਲ (ਬੀਐਸਐਫ) ਦੁਆਰਾ ਇੱਕ ਸਾਂਝੇ ਸਰਚ ਆਪ੍ਰੇਸ਼ਨ ਦੇ ਨਤੀਜੇ ਵਜੋਂ ਬੁੱਧਵਾਰ ਨੂੰ ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਇੱਕ ਜੰਗਲੀ ਖੇਤਰ ਤੋਂ 6 ਹੈਂਡ ਗ੍ਰਨੇਡ ਬਰਾਮਦ ਕੀਤੇ ਗਏ। ਅਧਿਕਾਰੀਆਂ ਨੇ ਕਿਹਾ ਕਿ ਤੰਗਧਾਰ ਸੈਕਟਰ ਦੇ ਜਾਬਰੀ ਜੰਗਲ ਖੇਤਰ ਵਿੱਚ ਇੱਕ ਅੱਤਵਾਦੀ ਟਿਕਾਣੇ ਦੀ ਮੌਜੂਦਗੀ ਬਾਰੇ ਖਾਸ ਖੁਫੀਆ ਜਾਣਕਾਰੀ ਤੋਂ ਬਾਅਦ ਇਹ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ ਸੀ। ਤਲਾਸ਼ੀ ਦੌਰਾਨ, ਸੁਰੱਖਿਆ ਕਰਮਚਾਰੀਆਂ ਨੂੰ ਸੰਘਣੇ ਜੰਗਲ ਵਿੱਚੋਂ 6 ਗ੍ਰਨੇਡ ਮਿਲੇ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਾਵਧਾਨੀ ਦੇ ਉਪਾਅ ਵਜੋਂ ਬੰਬ ਨਿਰੋਧਕ ਮਾਹਿਰਾਂ ਦੁਆਰਾ ਗ੍ਰਨੇਡਾਂ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਸੁਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਕੁਪਵਾੜਾ ਵਿੱਚ ਜੰਗ ਵਰਗੇ ਭੰਡਾਰਾਂ ਦੀ ਲਗਾਤਾਰ ਬਰਾਮਦਗੀ ਖੇਤਰ ਵਿੱਚ ਸ਼ਾਂਤੀ ਭੰਗ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹਾਲ ਹੀ ਵਿੱਚ ਸਫਲ ਆਪ੍ਰੇਸ਼ਨ ਫੌਜ, ਪੁਲਿਸ ਅਤੇ ਬੀਐਸਐਫ ਵਿੱਚ ਨਜ਼ਦੀਕੀ ਤਾਲਮੇਲ ਅਤੇ ਵਧੀ ਹੋਈ ਚੌਕਸੀ ਦਾ ਨਤੀਜਾ ਹਨ। ਇਸ ਇਲਾਕੇ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ, ਅਤੇ ਹੋਰ ਛੁਪਣਗਾਹਾਂ ਦੀ ਮੌਜੂਦਗੀ ਨੂੰ ਰੱਦ ਕਰਨ ਲਈ ਤਲਾਸ਼ੀ ਲਈ ਜਾ ਰਹੀ ਹੈ।



# ਦਿੱਲੀ 'ਚ ਧਮਾਕਾ ਕਰਨ ਵਾਲੇ ਦੀ ਹੋਈ ਪਹਿਚਾਣ, ਡਾ. ਉਮਰ ਹੀ ਚਲਾ ਰਿਹਾ ਸੀ ਆਈ-20 ਕਾਰ

**ਨਵੀਂ ਦਿੱਲੀ।** ਦਿੱਲੀ ਧਮਾਕਾ ਮਾਮਲੇ ਨਾਲ ਜੁੜੀਆਂ ਹਰ ਰੋਜ਼ ਹੈਰਾਨ ਕਰਨ ਵਾਲੀਆਂ ਜਾਣਕਾਰੀਆਂ ਸਾਹਮਣੇ ਆ ਰਹੀਆਂ ਹਨ। ਮੀਡੀਆ ਰਿਪੋਰਟਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਧਮਾਕਾ ਕਰਨ ਵਾਲੇ ਸਖ਼ਸ਼ ਦੀ ਪਹਿਚਾਣ ਹੋ ਗਈ ਅਤੇ ਦੱਸਿਆ ਜਾ ਰਿਹਾ ਹੈ ਕਿ ਧਮਾਕੇ ਦੌਰਾਨ ਵਰਤੀ ਗਈ ਆਈ-20 ਕਾਰ ਨੂੰ ਡਾ. ਉਮਰ ਉਨ ਨਬੀ ਹੀ ਚਲਾ ਰਿਹਾ ਸੀ। ਡਾ. ਉਮਰ ਦਾ ਡੀ.ਐਨ.ਏ. ਸੈਂਪਲ ਉਸ ਦੀ ਮਾਂ ਅਤੇ ਭਰਾ ਨਾਲ 100 ਫ਼ੀ ਸਦੀ ਮੈਚ ਹੋਇਆ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਧਮਾਕੇ ਤੋਂ ਬਾਅਦ ਕਾਰ 'ਚੋਂ ਮਿਲੀਆਂ ਹੱਡੀਆਂ, ਦੰਦਾਂ ਅਤੇ ਕੱਪੜਿਆਂ ਦੇ ਟੁਕੜਿਆਂ ਨਾਲ ਡੀ.ਐਨ.ਏ. ਮੈਚ ਕੀਤਾ ਗਿਆ। ਮੀਡੀਆ ਰਿਪੋਰਟਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਡਾ. ਉਮਰ ਤੁਰਕੀ ਦੇ ਅੰਕਾਰਾ 'ਚ ਬੈਠੇ ਆਪਣੇ ਹੈਂਡਲਰ ਦੇ ਸੰਪਰਕ 'ਚ ਸੀ, ਜਿਸ ਦਾ ਕੋਡਨੇਮ ਯੂਕਾਸਾ ਸੀ। ਉਮਰ ਦੀ ਜ਼ਿੰਦਗੀ ਰਹੱਸ ਨਾਲ ਭਰੀ ਹੋਈ ਸੀ। ਪਰਿਵਾਰ ਤੋਂ ਮਹੀਨਿਆਂ ਤੱਕ ਦੂਰੀ, ਫੋਨ ਬੰਦ ਰੱਖਣ ਅਤੇ ਵਾਰ-ਵਾਰ ਗਾਇਬ ਹੋਣਾ ਉਸ ਦੀ ਆਦਤ ਸੀ। ਸੂਤਰਾਂ ਅਨੁਸਾਰ ਉਮਰ ਸਾਰਿਆਂ ਨੂੰ ਹਮੇਸ਼ਾ ਇਹੀ ਕਹਿੰਦਾ ਸੀ ਕਿ ਉਹ ਜ਼ਰੂਰੀ ਕੰਮ ਕਰ ਰਿਹਾ ਹੈ ਅਤੇ ਉਸ ਨੂੰ ਡਿਸਟਰਬ ਨਾ ਕੀਤਾ ਜਾਵੇ। ਉਸ ਨੇ ਸੋਮਵਾਰ ਨੂੰ ਘਰ ਆਉਣ ਦਾ ਵਾਅਦਾ ਕੀਤਾ ਸੀ ਜਦਕਿ ਉਸ ਤੋਂ ਪਹਿਲਾਂ ਹੀ ਉਸ ਨੇ ਰਾਜਧਾਨੀ ਦਿੱਲੀ ਨੂੰ ਦਹਿਲਾ ਦਿੱਤਾ। ਪਰਿਵਾਰ ਦਾ ਕਹਿਣਾ ਹੈ ਕਿ ਉਮਰ ਪੜ੍ਹਾਕੂ ਅਤੇ ਸ਼ਾਂਤ ਨੌਜਵਾਨ ਸੀ ਅਤੇ ਉਸ ਨੂੰ ਕ੍ਰਿਕਟ ਖੇਡਣ ਦਾ ਬਹੁਤ ਸ਼ੌਕ ਸੀ। ਉਹ ਜਦੋਂ ਵੀ ਘਰ ਆਉਂਦਾ ਸੀ ਤਾਂ ਬੱਚਿਆਂ ਦੇ ਨਾਲ ਕ੍ਰਿਕਟ ਜ਼ਰੂਰ ਖੇਡਦਾ ਸੀ ਅਤੇ ਅਸੀਂ ਉਸ ਨੂੰ ਪੜ੍ਹਾਉਣ ਲਈ ਲਈ ਬਹੁਤ ਸੰਘਰਸ਼ ਕੀਤਾ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਧਮਾਕੇ ਨੂੰ ਅੰਜ਼ਾਮ ਦੇਣ ਵਾਲਾ ਉਮਰ ਨਬੀ, ਧਮਾਕੇ ਤੋਂ ਪਹਿਲਾਂ ਕਮਲਾ ਮਾਰਕੀਟ ਥਾਣੇ ਸਥਿਤ ਇਕ ਮਸਜਿਦ ਵਿਚ ਵੀ ਗਿਆ। ਇਸ ਤੋਂ ਪਹਿਲਾਂ ਤਿੰਨ ਘੰਟੇ ਤੱਕ ਲਾਲ ਕਿਲ੍ਹੇ ਦੀ ਪਾਰਕਿੰਗ 'ਚ ਉਮਰ ਦੇ ਰਹਿਣ ਦਾ ਰਾਜ਼ ਡੂੰਘਾ ਹੁੰਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਹੋਏ ਧਮਾਕੇ ਵਿਚ 12 ਵਿਅਕਤੀਆਂ ਦੀ ਜਾਨ ਚਲੀ ਗਈ ਸੀ ਜਦਕਿ 20 ਤੋਂ ਜ਼ਿਆਦਾ ਵਿਅਕਤੀ ਇਸ ਧਮਾਕੇ ਦੌਰਾਨ ਜ਼ਖ਼ਮੀ ਹੋ ਗਏ ਸਨ।





# ਪੰਜਾਬ 'ਚ ਠੰਢ ਨੇ ਫੜਿਆ ਜ਼ੋਰ, ਕਈ ਸ਼ਹਿਰਾਂ ਦਾ ਤਾਪਮਾਨ 10 ਡਿਗਰੀ ਸੈਲਸੀਅਸ ਤੋਂ ਡਿੱਗਿਆ

**ਚੰਡੀਗੜ੍ਹ।** ਪੰਜਾਬ ਵਿੱਚ ਤਾਪਮਾਨ ਵਿੱਚ ਗਿਰਾਵਟ ਜਾਰੀ, ਠੰਢ ਤੇਜ਼: ਘੱਟੋ-ਘੱਟ ਤਾਪਮਾਨ 7 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਿਆ; ਆਉਣ ਵਾਲੇ ਦਿਨਾਂ ਵਿੱਚ ਰਾਤ ਦਾ ਤਾਪਮਾਨ ਘਟੇਗਾ। ਪੰਜਾਬ ਵਿਚ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ, ਅਤੇ ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਇਹ ਗਿਰਾਵਟ ਆਉਣ ਵਾਲੇ ਦਿਨਾਂ ਵਿੱਚ ਜਾਰੀ ਰਹੇਗੀ। ਅਗਲੇ ਹਫ਼ਤੇ ਇਹ ਤਾਪਮਾਨ 2 ਡਿਗਰੀ ਹੋਰ ਘੱਟ ਸਕਦਾ ਹੈ। ਦਿਨ ਦਾ ਤਾਪਮਾਨ ਆਮ ਰਹੇਗਾ, ਪਰ ਰਾਤ ਦਾ ਤਾਪਮਾਨ ਆਮ ਨਾਲੋਂ ਘੱਟ ਰਹਿ ਸਕਦਾ ਹੈ। ਇਨ੍ਹਾਂ ਦਿਨਾਂ ਵਿੱਚ ਮੀਂਹ ਪੈਣ ਦੀ ਕੋਈ ਭਵਿੱਖਬਾਣੀ ਨਹੀਂ ਹੈ, ਅਤੇ ਮੌਸਮ ਖੁਸ਼ਕ ਰਹੇਗਾ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਘੱਟੋ-ਘੱਟ ਤਾਪਮਾਨ ਆਮ ਨਾਲੋਂ 1.6 ਡਿਗਰੀ ਘੱਟ ਰਿਹਾ। ਮੰਗਲਵਾਰ ਸਵੇਰੇ ਇਸ ਵਿੱਚ 0.1 ਡਿਗਰੀ ਦੀ ਗਿਰਾਵਟ ਆਈ। ਫਰੀਦਕੋਟ 7.1 ਡਿਗਰੀ ਤਾਪਮਾਨ ਦੇ ਨਾਲ ਸੂਬੇ ਦਾ ਸਭ ਤੋਂ ਠੰਡਾ ਸ਼ਹਿਰ ਰਿਹਾ। ਜਦੋਂ ਕਿ ਅੰਮ੍ਰਿਤਸਰ ਵਿੱਚ ਤਾਪਮਾਨ 9.1 ਡਿਗਰੀ, ਲੁਧਿਆਣਾ ਵਿੱਚ 9.8 ਡਿਗਰੀ, ਬਠਿੰਡਾ ਵਿੱਚ 8 ਡਿਗਰੀ ਅਤੇ ਗੁਰਦਾਸਪੁਰ ਵਿੱਚ 9 ਡਿਗਰੀ ਦਰਜ ਕੀਤਾ ਗਿਆ। ਇਸ ਦੌਰਾਨ, ਬੁੱਧਵਾਰ ਸ਼ਾਮ ਨੂੰ ਸੂਬੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ 0.2 ਡਿਗਰੀ ਘੱਟ ਗਿਆ। ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਤਾਪਮਾਨ ਹੁਣ 30 ਡਿਗਰੀ ਤੋਂ ਹੇਠਾਂ ਹੈ। ਅੰਦਾਜ਼ਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ 2 ਡਿਗਰੀ ਹੋਰ ਘੱਟ ਸਕਦਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੁਧਿਆਣਾ ਵਿੱਚ ਵੱਡੀ ਸਾਜਿਸ਼ ਨਾਕਾਮ; ਹੈਂਡ ਗਰਨੇਡ ਸਣੇ 10 ਮੁਲਜ਼ਮ ਗ੍ਰਿਫ਼ਤਾਰ

**ਲੁਧਿਆਣਾ।** ਲੁਧਿਆਣਾ ਪੁਲੀਸ ਨੇ ਵੱਡੀ ਦਹਿਸ਼ਤੀ ਸਾਜਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਦੀ ਸਮੇਂ-ਸਿਰ ਅਤੇ ਸੁਚਾਰੂ ਤਰੀਕੇ ਨਾਲ ਕੀਤੀ ਗਈ ਕਾਰਵਾਈ ਨਾਲ ਗਰਨੇਡ ਹਮਲੇ ਨੂੰ ਰੋਕ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੇ ਵਿਦੇਸ਼-ਅਧਾਰਿਤ ਹੈਂਡਲਰਾਂ, ਜਿਨ੍ਹਾਂ ਦੇ ਪਾਕਿਸਤਾਨ ਨਾਲ ਸੰਭਾਵਤ ਸੰਬੰਧ ਹਨ, ਦੀ ਤਲਾਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਯੂਪੀਏਪੀ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਰੈੱਡ ਕਾਰਨਰ ਨੋਟਿਸ ਵਿਦੇਸ਼ ਵਿੱਚ ਬੈਠੇ ਮੁਲਾਜ਼ਮਾਂ ਖ਼ਿਲਾਫ਼ ਜਾਰੀ ਕੀਤੇ ਗਏ ਹਨ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ ’ਤੇ ਲੁਧਿਆਣਾ ਪੁਲੀਸ ਨੇ ਐਕਸਪਲੋਸਿਵਜ਼ ਐਕਟ ਅਤੇ ਬੀਐੱਨਐੱਸ ਦੀਆਂ ਧਾਰਾਵਾਂ ਅਧੀਨ ਥਾਣਾ ਜੋਧੇਵਾਲ ਵਿੱਚ ਕੁਲਦੀਪ ਸਿੰਘ, ਸ਼ੇਖਰ ਸਿੰਘ, ਅਜੈ ਸਿੰਘ (ਤਿੰਨੋ ਮੁਕਤਸਰ ਸਾਹਿਬ ਵਾਸੀ) ਵਿਰੁੱਧ ਕੇਸ ਦਰਜ ਕੀਤਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡੀ.ਸੀ.ਪੀ. (ਇੰਵੈਸਟੀਗੇਸ਼ਨ)



ਅਤੇ ਡੀ.ਸੀ.ਪੀ. (ਸ਼ਹਿਰੀ) ਦੀ ਦੇਖਰੇਖ ਹੇਠ ਖ਼ਾਸ ਟੀਮਾਂ ਬਣਾਈਆਂ ਗਈਆਂ । ਮੁਢਲੀ ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀਆਂ ਨੂੰ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਇਸ਼ੀ) ਨੇ ਆਪਣੇ ਵਿਦੇਸ਼ੀ ਹੈਂਡਲਰਾਂ ਰਾਹੀਂ ਲੁਧਿਆਣਾ ਦੇ ਸੰਘਣੀ ਅਬਾਦੀ ਵਾਲੇ ਖੇਤਰ ਵਿੱਚ ਗਰਨੇਡ ਹਮਲਾ ਕਰਨ ਦਾ ਕੰਮ ਸੌਂਪਿਆ ਸੀ, ਜਿਸਦਾ ਉਦੇਸ਼ ਦਹਿਸ਼ਤ ਫੈਲਾਉਣਾ ਸੀ।

ਜਾਂਚ ਦੌਰਾਨ ਵਿਦੇਸ਼-ਅਧਾਰਿਤ ਮਾਸਟਰਮਾਈਂਡਾਂ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚ ਅਜੈ ਅਜੈ ਮਲੇਸ਼ੀਆ, ਸਥਾਈ ਨਿਵਾਸੀ ਸ੍ਰੀ ਗੰਗਾਨਗਰ, ਰਾਜਸਥਾਨ, ਜੱਸ ਬੇਹਬਲ (ਵਰਤਮਾਨ ਵਿੱਚ ਮਲੇਸ਼ੀਆ ਵਿੱਚ), ਪਵਨਦੀਪ, ਨਿਵਾਸੀ ਮਲੇਸ਼ੀਆ, ਸਥਾਈ ਸ੍ਰੀ ਗੰਗਾਨਗਰ, ਰਾਜਸਥਾਨ ਸ਼ਾਮਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਪੰਜਾਬ ਵਿੱਚ ਹੈਂਡ ਗਰਨੇਡ ਦੀ ਸਪਲਾਈ ਵਿੱਚ ਸ਼ਾਮਲ ਸਥਾਨਕ ਸਮੂਹ ਦਾ ਖ਼ੁਲਾਸਾ ਹੋਇਆ ਹੈ। ਇਸ ਦੌਰਾਨ ਸੁਖਜੀਤ ਸਿੰਘ ਉਰਫ਼ ਸੁੱਖ ਬਰਾੜ, ਸੁਖਵਿੰਦਰ ਸਿੰਘ ਦੋਵੇਂ ਨਿਵਾਸੀ ਫਰੀਦਕੋਟ ਅਤੇ ਕਰਨਵੀਰ ਸਿੰਘ ਉਰਫ ਵਿਕੀ, ਨਿਵਾਸੀ ਸ੍ਰੀ ਗੰਗਾਨਗਰ, ਰਾਜਸਥਾਨ ਅਤੇ ਸਾਜਨ ਕੁਮਾਰ ਉਰਫ ਸੰਜੂ, ਨਿਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜਮਾਂ ਕੋਲੋਂ ਇੱਕ ਚੀਨੀ ਹੈਂਡ ਗਰਨੇਡ ਨੰਬਰ 86ਫ 01-03 632, ਇੱਕ ਕਿੱਟ, ਅਤੇ ਦਸਤਾਨੇ ਬਰਾਮਦ ਕੀਤੇ ਗਏ ਹਨ। ਕਮਿਸ਼ਨਰ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਹੋਰ ਜਾਂਚ ਜਾਰੀ ਹੈ ਤਾਂ ਜੋ ਪਾਕਿ-ਸਤਾਨ-ਅਧਾਰਿਤ ਹੈਂਡਲਰਾਂ ਨਾਲ ਸੰਭਾਵਤ ਸਰਹੱਦੀ ਕੜੀਆਂ ਦੀ ਪੁਸ਼ਟੀ ਕੀਤੀ ਜਾ ਸਕੇ।

# ਹੁਣ ਬਿਨਾਂ ਪ੍ਰਵਾਨਗੀ ਵਿਦੇਸ਼ ਨਹੀਂ ਜਾ ਸਕਣਗੇ ਸਰਪੰਚ

**ਚੰਡੀਗੜ੍ਹ।** ਪਿੰਡਾਂ ਦੇ ਸਰਪੰਚ ਅਤੇ ਪੰਚ ਹੁਣ ਬਿਨਾਂ ਪ੍ਰਵਾਨਗੀ ਤੋਂ ਵਿਦੇਸ਼ ਨਹੀਂ ਜਾ ਸਕਣਗੇ। ਪੰਜਾਬ ਸਰਕਾਰ ਨੇ ਨਵੀਂ ਨੀਤੀ ਬਣਾਈ ਹੈ ਜਿਸ ਤਹਿਤ ਸਰਪੰਚਾਂ ਤੇ ਪੰਚਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਬਕਾਇਦਾ ਸਮਰੱਥ ਅਥਾਰਿਟੀ ਤੋਂ ਪ੍ਰਵਾਨਗੀ ਲੈਣੀ ਪਵੇਗੀ। ਜਿਸ ਤਰ੍ਹਾਂ ਸਰਕਾਰੀ ਮੁਲਾਜ਼ਮ ਤੇ ਅਧਿਕਾਰੀ ‘ਐਕਸ ਇੰਡੀਆ ਲੀਵ’ ਲੈਂਦੇ ਹਨ, ਉਸੇ ਤਰਜ਼ ’ਤੇ ਸਰਪੰਚਾਂ ਤੇ ਪੰਚਾਂ ਨੂੰ ਰਾਹ ਅਖ਼ਤਿਆਰ ਕਰਨਾ ਪਵੇਗਾ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪੰਜਾਬ ਦੇ ਸਾਰੇ ਜ਼ਿਲ੍ਹਾ ਵਿਕਾਸ ਤੇ ਪੰਚਾਇਤਾਂ ਅਫਸਰਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕੀਤਾ ਹੈ। ਪੱਤਰ ਅਨੁਸਾਰ ਪੰਚਾਇਤੀ ਰਾਜ ਇਕਾਈਆਂ ਦੇ ਚੁਣੇ ਹੋਏ ਨੁਮਾਇੰਦੇ ਜਦੋਂ ਵਿਦੇਸ਼ ਚਲੇ ਜਾਂਦੇ ਹਨ ਤਾਂ ਪਿੰਡਾਂ ਦੇ ਵਿਕਾਸ ਕੰਮ ਪ੍ਰਭਾਵਿਤ ਹੁੰਦੇ ਹਨ ਜਿਸ ਕਰ ਕੇ ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਪੰਜਾਬ ’ਚ ਇਸ ਵੇਲੇ 13,238 ਸਰਪੰਚ ਅਤੇ 83,437 ਪੰਚਾਇਤ ਮੈਂਬਰ ਹਨ। ਕਾਫ਼ੀ ਗਿਣਤੀ ਵਿੱਚ ਸਰਪੰਚਾਂ ਦੇ ਧੀਆਂ-ਪੁੱਤ ਵਿਦੇਸ਼ ’ਚ ਹਨ ਜਿਨ੍ਹਾਂ ਕੋਲ ਸਰਪੰਚਾਂ ਦਾ ਆਉਣਾ-ਜਾਣਾ ਆਮ ਹੈ। ਮਹਿਕਮੇ ਨੇ ਪਹਿਲੀ ਵਾਰ ਅਜਿਹੀ ਨੀਤੀ ਬਣਾਈ ਹੈ ਜਿਸ ਤਹਿਤ ਸਰਪੰਚਾਂ ਤੇ ਪੰਚਾਂ ਲਈ ਵਿਦੇਸ਼ ਜਾਣ ਦੀ ਛੁੱਟੀ ਲਾਜ਼ਮੀ ਕਰਾਰ ਦਿੱਤੀ ਗਈ ਹੈ। ਅਜੇ ਇਹ ਸਪੱਸ਼ਟ ਨਹੀਂ ਕਿ ਬਲਾਕ ਸਮਿਤੀ ਅਤੇ ਜ਼ਿਲ੍ਹਾ ਪਰਿਸ਼ਦ ਚੇਅਰਮੈਨਾਂ ਜਾਂ ਮੈਂਬਰਾਂ ਲਈ ਵੀ



ਪਹਿਲਾਂ ਛੁੱਟੀ ਲੈਣੀ ਲਾਜ਼ਮੀ ਹੋਵੇਗੀ ਜਾਂ ਨਹੀਂ। ਪੱਤਰ ਅਨੁਸਾਰ ਸਰਪੰਚ ਤੇ ਪੰਚ ਦੀ ਵਿਦੇਸ਼ ਜਾਣ ਲਈ ਛੁੱਟੀ ਮਨਜ਼ੂਰ ਕਰਨ ਲਈ ਸਮਰੱਥ ਅਧਿਕਾਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਹੋਵੇਗਾ। ਆਮ ਹਾਲਾਤ ’ਚ ਸਰਪੰਚ ਤੇ ਪੰਚ ਨੂੰ ਵਿਦੇਸ਼ ਜਾਣ ਤੋਂ ਮਹੀਨਾ ਪਹਿਲਾਂ ਛੁੱਟੀ ਅਧਿਕਾਰੀ ਕੋਲ ਪੇਸ਼ ਕਰਨੀ ਹੋਵੇਗੀ। ਜੇ ਐਮਰਜੈਂਸੀ ’ਚ ਵਿਦੇਸ਼ ਜਾਣਾ ਪੈਂਦਾ ਹੈ ਤਾਂ ਵੀ ਉਹ ਸਮਰੱਥ ਅਥਾਰਿਟੀ ਨੂੰ ਬਿਨਾਂ ਇਤਲਾਹ ਕੀਤੇ ਵਿਦੇਸ਼ ਨਹੀਂ ਜਾ ਸਕੇਗਾ। ਵਿਭਾਗ ਦੀ ਨੀਤੀ ਅਨੁਸਾਰ ਜੇ ਸਰਪੰਚ ਵਿਦੇਸ਼ ਜਾਂਦਾ ਹੈ ਤਾਂ ਉਸ ਦੀ ਗ਼ੈਰ-ਹਾਜ਼ਰੀ ’ਚ ਪੰਜਾਬ ਪੰਚਾਇਤੀ ਰਾਜ ਐਕਟ-1994 ਦੀ ਧਾਰਾ 20(5) ਅਨੁਸਾਰ ਅਧਿਕਾਰਤ ਪੰਚ ਦੀ ਚੋਣ ਕੀਤੀ ਜਾਵੇਗੀ। ਸਰਪੰਚ ਪੰਚਾਇਤੀ ਰਿਕਾਰਡ ਪੰਚਾਇਤ ਸਕੱਤਰ ਨੂੰ ਸੌਂਪੇਗਾ ਜੋ ਅੱਗੇ ਅਧਿਕਾਰਤ ਪੰਚ ਦੇ ਹਵਾਲੇ ਕਰੇਗਾ। ਵਿਦੇਸ਼ ਤੋਂ ਪਰਤਣ ਉਪਰੰਤ ਸਰਪੰਚ ਜਾਂ ਪੰਚ ਨੂੰ ਆਪਣੀ ਹਾਜ਼ਰੀ ਰਿਪੋਰਟ ਸਮਰੱਥ ਅਧਿਕਾਰੀ ਨੂੰ ਦੇਣੀ ਹੋਵੇਗੀ ਅਤੇ ਉਸ ਉਪਰੰਤ ਉਹ ਪੰਚਾਇਤ ਦਾ ਮੁੜ ਚਾਰਜ ਸੰਭਾਲੇਗਾ। ਪੱਤਰ ’ਚ ਇਹ ਵੀ ਕਿਹਾ ਗਿਆ ਹੈ ਕਿ ਜੇ ਵਿਦੇਸ਼ ਗਏ ਸਰਪੰਚ ਜਾਂ ਪੰਚ ਨੇ ਆਪਣੀ ਛੁੱਟੀ ’ਚ ਵਾਧਾ ਕਰਨਾ ਹੈ ਤਾਂ ਉਹ ਈ-ਮੇਲ ਜਾਂ ਫੋਨ ਜ਼ਰੀਏ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂੰ ਅਰਜ਼ੀ ਭੇਜੇਗਾ ਅਤੇ ਆਪਣੀ ਈਮੇਲ ਅਤੇ ਫੋਨ ਦੇ ਵੇਰਵੇ ਵੀ ਦੇਵੇਗਾ। ਸਰਪੰਚ ਯੂਨੀਅਨ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਮਨਿੰਦਰ ਸਿੰਘ ਨੇ ਇਸ ਫ਼ੈਸਲੇ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਸਰਪੰਚ ਦੀ ਗੈਰ-ਮੌਜੂਦਗੀ ’ਚ ਬਹੁਤ ਸਾਰੇ ਦਸਤਾਵੇਜ਼ ਲੋਕਾਂ ਨੂੰ ਤਸਦੀਕ ਕਰਾਉਣ ’ਚ ਦਿੱਕਤ ਆਉਂਦੀ ਹੈ। ਜੇ ਕੋਈ ਅਧਿਕਾਰਤ ਪੰਚ ਹੋਵੇਗਾ ਤਾਂ ਲੋਕਾਂ ਨੂੰ ਮੁਸ਼ਕਲ ਨਹੀਂ ਆਵੇਗੀ।

**ਅਮਰੀਕਾ ਗਿਆ ਸਰਪੰਚ ਬਹਾਲ**

ਪੰਚਾਇਤ ਵਿਭਾਗ ਨੇ ਉਦੋਂ ਇਹ ਨੀਤੀ ਬਣਾਈ ਜਦੋਂ ਮਹਿਕਮੇ ਦੇ ਪ੍ਰਬੰਧਕੀ ਸਕੱਤਰ ਕੋਲ ਪਿਛਲੇ ਦਿਨਾਂ ’ਚ ਅਪੀਲ ’ਚ ਲੁਧਿਆਣਾ ਦੇ ਪਿੰਡ ਚੱਘਣ ਦੇ ਸਰਪੰਚ ਮਨਜਿੰਦਰ ਸਿੰਘ ਜੋ ਅਮਰੀਕਾ ਵਾਸੀ ਹਨ, ਦਾ ਮਾਮਲਾ ਸਾਹਮਣੇ ਆਇਆ। ਸਰਪੰਚ ਦੇ ਐਡਵੋਕੇਟ ਹਰਪ੍ਰੀਤ ਸਿੰਘ ਵਡਾਲੀ ਨੇ ਦੱਸਿਆ ਕਿ ਸਰਪੰਚ ਸਮਰੱਥ ਅਧਿਕਾਰੀ ਨੂੰ ਲਿਖਤੀ ਸੂਚਨਾ ਦੇਣ ਮਗਰੋਂ ਵਿਦੇਸ਼ ਗਿਆ ਸੀ ਪਰ ਉਸ ਨੂੰ ਮਹਿਕਮੇ ਨੇ ਮੁਅੱਤਲ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਪੀਲ ’ਚ ਸਰਪੰਚ ਨੂੰ ਬਹਾਲ ਕਰ ਦਿੱਤਾ ਹੈ; ਨਾਲ ਹੀ ਮਹਿਕਮੇ ਨੂੰ ਆਨਲਾਈਨ ਪੋਰਟਲ ਬਣਾਉਣ ਦੀ ਹਦਾਇਤ ਕੀਤੀ ਹੈ।

# ‘ਤੁਹਾਡੇ ਘਰ ਵਿੱਚ ਵੀ ਮਾਂ-ਬਾਪ ਹਨ, ਕੁਝ ਸ਼ਰਮ ਕਰੋ’: ਸਨੀ ਦਿਓਲ

**ਮੁੰਬਈ।** ਅਦਾਕਾਰ ਸੰਨੀ ਦਿਓਲ ਨੇ ਆਪਣੇ ਪਿਤਾ ਅਤੇ ਸੁਪਰਸਟਾਰ ਧਰਮਿੰਦਰ ਦੀ ਰਿਹਾਇਸ਼ ਦੇ ਬਾਹਰ ਇਕੱਠੇ ਹੋਏ ਮੀਡੀਆ ਨੂੰ ਨਿਮਰਤਾ ਨਾਲ ਪਰ ਦ੍ਰਿੜ੍ਹਤਾ ਨਾਲ ਤਿੱਤਰ-ਬਿੱਤਰ ਹੋਣ ਅਤੇ ਪਰਿਵਾਰ ਦੀ ਨਿੱਜਤਾ ਦਾ ਸਨਮਾਨ ਕਰਨ ਦੀ ਬੇਨਤੀ ਕੀਤੀ। ਸੰਨੀ ਨੇ ਹੱਥ ਜੋੜ ਕੇ ਮੀਡੀਆ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਘਰ ਵਾਪਸ ਜਾਣ ਦੀ ਅਪੀਲ ਕੀਤੀ। ਅਦਾਕਾਰ ਵੀਰਵਾਰ ਸਵੇਰੇ ਆਪਣੇ ਪਿਤਾ ਨੂੰ ਮਿਲਣ ਪਹੁੰਚੇ ਸਨ, ਜਿਨ੍ਹਾਂ ਨੂੰ ਹਾਲ ਹੀ ਵਿੱਚ ਹਸਪਤਾਲ ਤੋਂ ਛੁੱਟੀ ਮਿਲੀ ਹੈ। ਸਨੀ ਦਿਓਲ ਨੇ ਅੱਗੇ ਕਿਹਾ, "ਤੁਹਾਡੇ ਘਰ ਵਿੱਚ ਵੀ ਮਾਂ-ਬਾਪ ਹਨ। ਤੁਹਾਡੇ ਬੱਚੇ ਹਨ। ਕੁਝ ਸ਼ਰਮ ਕਰੋ।" ਜ਼ਿਕਰਯੋਗ ਹੈ ਕਿ ਬੁੱਧਵਾਰ ਸਵੇਰੇ, ਮਹਾਨ ਅਦਾਕਾਰ ਧਰਮਿੰਦਰ ਨੂੰ ਬ੍ਰੀਚ ਕੈਂਡੀ ਹਸਪਤਾਲ (ਭਰਏਚਿਹ ਛੳਨਦੇ ੍ਹੋਸਪਿਟੳਲ) ਤੋਂ ਛੁੱਟੀ ਦੇ ਦਿੱਤੀ ਗਈ ਸੀ, ਜਿੱਥੇ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਪਿਛਲੇ ਕੁਝ ਦਿਨਾਂ ਤੋਂ ਦਾਖਲ ਕਰਵਾਇਆ ਗਿਆ ਸੀ। ਡਾ. ਪ੍ਰਤੀਤ ਸਮਦਾਨੀ ਨੇ ਦੱਸਿਆ ਕਿ ਧਰਮਿੰਦਰ ਨੂੰ ਬੁੱਧਵਾਰ ਸਵੇਰੇ 7:30 ਵਜੇ ਬ੍ਰੀਚ ਕੈਂਡੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ ਸੰਨੀ ਦਿਓਲ ਦੀ ਟੀਮ ਦੇ ਇੱਕ ਅਧਿਕਾਰਤ ਬਿਆਨ ਅਨੁਸਾਰ ਅਨੁਭਵੀ ਅਦਾਕਾਰ ਧਰਮਿੰਦਰ ਦਾ ਪੁੱਤਰ ਵੱਡੇ ਬੇਟੇ ਦੀ ਦੇਖ-ਰੇਖ ਇੱਕ ਡਾਕਟਰ ਦੀ ਨਿਗਰਾਨੀ ਹੇਠ ਘਰ ਵਿੱਚ ਇਲਾਜ ਅਤੇ ਸਿਹਤਯਾਬੀ ਹੋਵੇਗੀ।

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ



ਕਰਾਇਆ ਗਿਆ ਸੀ, ਇਸ ਦੌਰਾਨ ਉਨ੍ਹਾਂ ਦੀ ਮੌਤ ਦੀ ਝੂਠੀ ਖ਼ਬਰ ਮੀਡੀਆ ’ਤੇ ਫੈਲ ਗਈ ਸੀ। ਇਸ ਤੋਂ ਬਾਅਦ ਮੀਡੀਆ ਅਤੇ ਝੂਠੀਆਂ ਖਬਰਾਂ ਪ੍ਰਤੀ ਪਰਿਵਾਰ ਦੀ ਸਖਤ ਪ੍ਰਤੀਕਿਰਿਆ ਸਾਹਮਣੇ ਆਈ ਹੈ।

ਇਸ ਤੋਂ ਪਹਿਲਾਂ, ਹੇਮਾ ਮਾਲਿਨੀ ਅਤੇ ਈਸ਼ਾ ਦਿਓਲ ਨੇ ਧਰਮਿੰਦਰ ਦੀ ਮੌਤ ਬਾਰੇ "ਝੂਠੀਆਂ" ਮੀਡੀਆ ਰਿਪੋਰਟਾਂ 'ਤੇ ਇਤਰਾਜ਼ ਜਤਾਇਆ ਸੀ। ਅਦਾਕਾਰ ਦੀ ਪਤਨੀ ਅਤੇ ਸਿਆਸਤਦਾਨ ਹੇਮਾ ਮਾਲਿਨੀ ਨੇ 'ਐਕਸ' (ਯ) 'ਤੇ ਲਿਖਿਆ, "ਜੋ ਹੋ ਰਿਹਾ ਹੈ ਉਹ ਮਾਫ਼ੀਯੋਗ ਨਹੀਂ ਹੈ! ਜ਼ਿੰਮੇਵਾਰ ਚੈਨਲ ਅਜਿਹੇ ਵਿਅਕਤੀ ਬਾਰੇ ਝੂਠੀਆਂ ਖ਼ਬਰਾਂ ਕਿਵੇਂ ਫੈਲਾ ਸਕਦੇ ਹਨ ਜੋ ਇਲਾਜ ਦਾ ਜਵਾਬ ਦੇ ਰਿਹਾ ਹੈ ਅਤੇ ਸਿਹਤਯਾਬ ਹੋ ਰਿਹਾ ਹੈ? ਇਹ ਬਹੁਤ ਜ਼ਿਆਦਾ ਅਪਮਾਨਜਨਕ ਅਤੇ ਗੈਰ-ਜ਼ਿੰਮੇਵਾਰਾਨਾ ਹੈ।"

ਪਰਿਵਾਰ ਵੱਲੋਂ ਦੱਸਿਆ ਗਿਆ ਹੈ ਕਿ ਧਰਮਿੰਦਰ ਦੀ ਸਿਹਤ ਸਥਿਰ ਹੈ ਅਤੇ ਉਹ ਠੀਕ ਹੋ ਰਹੇ ਹਨ। ਸੰਨੀ ਦਿਓਲ ਦੀ ਟੀਮ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਮੀਡੀਆ ਅਤੇ ਜਨਤਾ ਨੂੰ ਬੇਨਤੀ ਕਰਦੇ ਹਾਂ ਕਿ ਉਹ ਕਿਸੇ ਵੀ ਹੋਰ ਅਟਕਲਾਂ ਤੋਂ ਗੁਰੇਜ਼ ਕਰਨ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਅਤੇ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਨ।"

ਇਸ ਦੌਰਾਨ, ਧਰਮਿੰਦਰ ਦੀ ਸਿਹਤ ਬਾਰੇ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਪੰਜਾਬ ਰਾਜ ਖੁਰਾਕ ਨਿਗਮ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਪਾਈ" ਮਨੁੱਖਤਾ ਦੀ ਸੇਵਾ " ਸੰਸਥਾ ਦੇ ਸੁਫ਼ਨਿਆਂ ਦੇ ਘਰ ਹਸਨਪੁਰ ਫੇਰੀ

## ● ਗੁਰਪ੍ਰੀਤ ਸਿੰਘ ਮਿੰਟੂ ਇੱਕ ਰੱਬੀ ਰੂਹ – ਬਾਲ ਮੁਕੰਦ ਸ਼ਰਮਾ ● ਹਰ ਸੰਭਵ ਸਰਕਾਰੀ ਮਦਦ ਦਾ ਦਿੱਤਾ ਪੂਰਨ ਭਰੋਸਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਪੰਜਾਬ ਰਾਜ ਖੁਰਾਕ ਨਿਗਮ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਡੀ. ਸੀ. ਦਫਤਰ ਲੁਧਿਆਣਾ ਅਧੀਨ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਸਮੇਤ ਮਨੁੱਖਤਾ ਦੀ ਸੇਵਾ ਸੰਸਥਾ ਚਲਾ ਰਹੇ ਗੁਰਪ੍ਰੀਤ ਸਿੰਘ ਮਿੰਟੂ ਦੇ ਮੁੱਖ ਦਫਤਰ ਸੁਫ਼ਨਿਆਂ ਦੇ ਘਰ ਪਿੰਡ ਹਸਨਪੁਰ ਲੁਧਿਆਣਾ ਵਿਖੇ ਫੇਰੀ ਪਾਈ। ਇਸ ਦੌਰਾਨ ਚੇਅਰਮੈਨ ਸ਼ਰਮਾ ਨੇ ਆਪਣੇ ਸਟਾਫ ਨਾਲ ਪਹਿਲਾਂ ਬਜੁਰਗਾਂ ਦੇ ਵਾਰਡਾਂ ਦਾ ਦੌਰਾ ਕੀਤਾ ਅਤੇ ਚੰਗੀ ਸਿਹਤ ਪ੍ਰਾਪਤ ਕਰ ਚੁੱਕੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਹਾਸਾ ਠੱਠਾ ਵੀ ਕੀਤਾ । ਸੰਸਥਾ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਮਿੰਟੂ ਨੇ ਹਰ ਬਜ਼ੁਰਗ ਦੀ ਪਹਿਲੀ ਵੀਡਿਓ ਵੀ ਚੇਅਰਮੈਨ ਨੂੰ ਵਿਖਾਈ ਜਦੋਂ ਉਹਨਾਂ ਨੂੰ ਇਸ ਸੰਸਥਾ 'ਚ ਲਿਆਂਦਾ ਗਿਆ ਸੀ। ਬਜ਼ੁਰਗਾਂ ਤੋਂ ਅਸ਼ੀਰਵਾਦ ਲੈਣ ਤੋਂ ਬਾਅਦ ਚੇਅਰਮੈਨ ਨੇ ਬੱਚਿਆਂ ਦੇ ਵਾਰਡਾਂ ਦਾ ਵੀ ਦੌਰਾ ਕੀਤਾ ਅਤੇ ਉਹਨਾਂ ਨਾਲ ਗੱਲਬਾਤ ਦੌਰਾਨ ਉਹਨਾਂ ਦੀਆਂ ਰੋਜ਼ ਦੀ ਰੁਟੀਨ ਬਾਰੇ ਪੁੱਛਿਆ। ਉਹਨਾਂ ਸਕੂਲੀ ਬੱਚਿਆਂ ਨਾਲ ਵੀ ਸੁਆਲ ਜੁਆਬ ਕੀਤੇ ਜਿਸ ਦੌਰਾਨ ਬੱਚੇ ਬਹੁਤ ਖੁਸ਼ ਨਜ਼ਰ ਆਏ। ਗੱਲਬਾਤ ਦੌਰਾਨ ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਮਿੰਟੂ ਸੱਚੀ ਹੀ ਕੋਈ ਰੱਬੀ ਰੂਹ ਹੈ ਜਿਸਨੇ ਸੇਵਾ ਨੂੰ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਬਣਾ ਲਿਆ ਹੈ ਔਰ ਦਿਨ-ਬ-ਦਿਨ ਪ੍ਰਮਾਤਮਾ ਦੀ ਕਿਰਪਾ ਨਾਲ ਕਾਮਯਾਬ ਵੀ ਹੀ ਰਿਹਾ ਹੈ। ਉਹਨਾਂ ਆਖਿਆ ਕਿ



ਫੂਡ ਕਮਿਸ਼ਨ ਆਪਣੇ ਵੱਲੋਂ ਹੋ ਸਕਦੀ ਹਰ ਸੰਭਵ ਮਦਦ ਇੱਥੋਂ ਦੇ ਵਸਨੀਕਾਂ ਦੀ ਕਰੇਗਾ। ਜਿਸਦੇ ਵਿੱਚ ਏਥੇ ਹੀ ਕੈਂਪ ਲਗਾ ਕੇ ਸਭ ਦੇ ਅਧਾਰ ਕਾਰਡ ਬਣਾਏ ਜਾਣਗੇ, ਅਤੇ ਬੁਢਾਪਾ, ਵਿਕਲਾਂਗ ਪੈਨਸ਼ਨ ਜੋ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ ਉਹ ਦਿੱਤੀ ਜਾਏਗੀ ਅਤੇ ਜਨਤਕ ਵੰਡ ਪ੍ਰਣਾਲੀ ਅਧੀਨ ਆਉਂਦੇ ਰਾਸ਼ਨ ਨੂੰ ਵੀ ਦਿੱਤਾ ਜਾਵੇਗਾ । ਇਸ ਮੌਕੇ ਮੈਡਮ ਰਵਿੰਦਰ ਕੌਰ ਸੀ.ਡੀ.ਪੀ.ਓ ਨੇ ਆਖਿਆ ਕਿ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਤੇ ਦੁੱਧ ਚੁੰਗਾਉਂਦੀਆਂ ਮਾਵਾਂ ਜਾਂ ਗਰਭਵਤੀ ਮਹਿਲਾਵਾਂ ਨੂੰ ਜੋ ਸਰਕਾਰ ਵੱਲੋਂ ਮੀਲ ਜਾਂ ਖੁਰਾਕ ਦਿੱਤੀ ਜਾਂਦੀ ਹੈ ਉਹ ਏਥੇ ਵੀ ਸੁਨਿਸ਼ਚਿਤ ਕੀਤੀ ਜਾਵੇਗੀ। ਇਸ ਮੌਕੇ ਗੁਰਪ੍ਰੀਤ ਸਿੰਘ ਮਿੰਟੂ ਵੱਲੋਂ ਇੱਕ ਪਾਣੀ ਦੀ ਟੈਂਕੀ ਦੀ ਫਾਈਲ ਚੰਡੀਗੜ੍ਹ ਅਟਕੀ ਹੋਣ ਬਾਰੇ ਵੀ ਚੇਅਰਮੈਨ ਸਾਹਬ ਨੂੰ ਦੱਸਿਆ ਗਿਆ ਜੋ ਚੇਅਰਮੈਨ ਸ਼ਰਮਾ ਨੇ ਜਲਦ ਕਲੀਅਰ ਕਰਵਾ ਕੇ ਦੇਣ ਦਾ ਭਰੋਸਾ ਦਿੱਤਾ । ਅੰਤ ਵਿੱਚ ਗੁਰਪ੍ਰੀਤ ਸਿੰਘ ਮਿੰਟੂ ਮਨੁੱਖਤਾ ਦੀ ਸੇਵਾ ਵਾਲਿਆਂ ਦੀ ਟੀਮ ਵੱਲੋਂ ਚੇਅਰਮੈਨ ਸ਼ਰਮਾ ਅਤੇ ਆਏ ਅਧਿਕਾਰੀਆਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ ।

# ਪੰਜਾਬ ਦੇ ਅਧਿਆਪਕਾਂ ਦੀ ਪ੍ਰਮੋਸ਼ਨ ਤੇ ਟੀ.ਈ.ਟੀ. (ਟੈਟ) ਦੀ ਸ਼ਰਤ ਲਾਉਣ ਦਾ ਅਧਿਆਪਕ ਦਲ ਪੰਜਾਬ ਵੱਲੋਂ ਸਖਤ ਵਿਰੋਧ





**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ )–** ਅਧਿਆਪਕ ਦਲ ਪੰਜਾਬ ਦੇ ਸੂਬਾ ਕਨਵੀਨਰ ਸਤਨਾਮ ਸਿੰਘ ਰੰਧਾਵਾ ਤੇ ਰਵਿੰਦਰਜੀਤ ਸਿੰਘ ਪੰਨੂੰ, ਮੁੱਖ ਬੁਲਾਰਾ ਸੁਖਦਿਆਲ ਸਿੰਘ ਝੰਡ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਪ੍ਰਾਇਮਰੀ ਅਧਿਆਪਕਾਂ ਤੋਂ ਮਾਸਟਰ ਕੇਡਰ ਵਿੱਚ ਪ੍ਰਮੋਸ਼ਨਾਂ ਦੀ ਜੋ ਲਿਸਟ ਬੁੱਧਵਾਰ ਨੂੰ ਜਾਰੀ ਕੀਤੀ ਗਈ । ਉਸ ਵਿੱਚ ਦੋ ਸਾਲ ਦੇ ਵਿੱਚ ਪ੍ਰਮੋਟ ਹੋਏ ਅਧਿਆਪਕਾਂ ਨੂੰ ਟੈਟ ਟੈਸਟ ਪਾਸ ਕਰਨ ਦੀ ਸ਼ਰਤ ਰੱਖੀ ਹੈ । ਇਹ ਅਧਿਆਪਕ ਆਪਣੀ ਭਰਤੀ ਸਮੇਂ ਸ਼ਰਤਾਂ ਤੇ ਯੋਗਤਾਵਾਂ ਪੂਰੀਆਂ ਕਰਕੇ ਭਰਤੀ ਹੋਏ ਸਨ। ਇਹਨਾਂ ਉੱਪਰ ਟੈਟ ਦੀ ਸ਼ਰਤ ਲਾਉਣੀ ਬਿਲਕੁਲ ਗਲਤ ਹੈ । ਅਧਿਆਪਕ ਦਲ ਪੰਜਾਬ ਟੈਟ ਪਾਸ ਕਰਨ ਦੀ ਸ਼ਰਤ ਦਾ ਸਖਤ ਵਿਰੋਧ ਕਰਦਾ ਹੈ । ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਹ ਸ਼ਰਤ ਤੁਰੰਤ ਹਟਾਈ ਜਾਵੇ ਨਹੀਂ ਤਾਂ ਵੱਡੇ ਪੱਧਰ ਤੇ ਇਸ ਖਿਲਾਫ ਸੰਘਰਸ਼ ਕੀਤਾ ਜਾਵੇਗਾ । ਅਧਿਆਪਕ ਦਲ ਪੰਜਾਬ ਵੱਲੋਂ ਪ੍ਰਮੋਸ਼ਨਾਂ ਸਮੇਂ ਲਿਸਟਾਂ ਵਿੱਚ ਵੀ ਸੀਨੀਆਰਤਾ ਨੂੰ ਅੱਖੋ ਪਰੋਖੇ ਕਰਕੇ ਜੂਨੀਅਰ ਅਧਿਆਪਕਾਂ ਨੂੰ ਅਡਜਸਟ ਕਰਨ ਦਾ ਵੀ ਸਖਤ ਨੋਟਿਸ ਲਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਅਜਿਹਾ ਕਰਨ ਵਾਲੇ ਅਫਸਰਾਂ ਤੇ ਵੀ ਸਖਤ ਕਾਰਵਾਈ ਕੀਤੀ ਜਾਵੇ।ਇਸ ਮੌਕੇ ਧਰਮ ਸਿੰਘ ਰਈਏਵਾਲ, ਅਵਤਾਰ ਸਿੰਘ ਢਡੋਗਲ, ਜਸਕੇਵਲ ਸਿੰਘ ਗੋਲੇਵਾਲੀਆ , ਆਤਮਜੀਤ ਸਿੰਘ ਢਿੱਲੋ, ਲੈਕਚਰਾਰ ਰਜੇਸ਼ ਜੋਲੀ, ਭਜਨ ਸਿੰਘ ਮਾਨ, ਰਮੇਸ਼ ਕੁਮਾਰ ਭੇਟ, ਵਰਿੰਦਰ ਕੰਬੋਜ, ਭੁਪਿੰਦਰ ਸਿੰਘ ਚਾਹਲ, ਰਾਜਦੀਪ ਸਿੰਘ ਬਰੇਟਾ, ਹਰਮਿੰਦਰ ਸਿੰਘ ਤਾਜਪੁਰ, ਬਲਦੇਵ ਸਿੰਘ ਬਸਰਾ, ਅਮਰਜੀਤ ਸਿੰਘ ਬਰਾੜ, ਕੁਲਦੀਪ ਸਿੰਘ ਸ਼ਾਹਕੋਟ ਬਲਬੀਰ ਸਿੰਘ ਚੀਮਾ , ਕੁਲਵਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਜੌਹਲ, ਦਲਵਿੰਦਰ ਸਿੰਘ ਝਿੱਕਾ ਤੇ ਹਰਦੇਵ ਸਿੰਘ ਖਾਨੋਵਾਲ ਹਾਜ਼ਰ ਸਨ।

# ਬਰਤਾਨੀਆ ਵਿਚ ਪੁਲਿਸ ਕਮਿਸ਼ਨਰ ਦਾ ਪਦ ਖਤਮ ਕੀਤਾ ਜਾਵੇਗਾ




**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**–ਪੀ ਸੀ ਸੀ ਦਾ ਸਿਸਟਮ 2012 ਵਿੱਚ ਲਾਗੂ ਕੀਤਾ ਗਿਆ ਸੀ, ਤਾਂ ਜੋ ਲੋਕਾਂ ਨੂੰ ਪੁਲਿਸ ‘ਤੇ ਨਿਗਰਾਨੀ ਦਾ ਅਧਿਕਾਰ ਮਿਲੇ। ਪਰ ਹਕੀਕਤ ਵਿੱਚ ਚੋਣਾਂ ਵਿੱਚ ਬਹੁਤ ਘੱਟ ਵੋਟਿੰਗ ਹੋਈ ਅਤੇ ਲੋਕਾਂ ਦੀ ਦਿਲਚਸਪੀ ਘੱਟ ਰਹੀ। ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਐਲਾਨ ਕੀਤਾ ਹੈ ਕਿ ਇੰਗਲੈਂਡ ਅਤੇ ਵੇਲਜ਼ ਵਿਚ ਪੁਲਿਸ ਐਂਡ ਕ੍ਰਾਈਮ ਕਮਿਸ਼ਨਰ ਦਾ ਅਹੁਦਾ 2028 ਤੱਕ ਖਤਮ ਕਰ ਦਿੱਤਾ ਜਾਵੇਗਾ।ਮਹਮੂਦ ਨੇ ਕਿਹਾ ਕਿ ਇਹ ਸਿਸਟਮ ਇੱਕ “ਫੇਲ ਹੋਇਆ ਪ੍ਰਯੋਗ” ਸਾਬਤ ਹੋਇਆ ਹੈ, ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਉਹਨਾਂ ਦੇ ਇਲਾਕੇ ਦਾ ਪੀ ਸੀ ਸੀ ਕੌਣ ਹੈ। ਸਰਕਾਰ ਨੇ ਕਿਹਾ ਹੈ ਕਿ ਪੀ ਸੀ ਸੀ ਦੀਆਂ ਜ਼ਿੰਮੇਵਾਰੀਆਂ ਹੁਣ ਮੇਅਰਾਂ ਜਾਂ ਸਥਾਨਕ ਕੌਂਸਲ ਲੀਡਰਾਂ ਨੂੰ ਦਿੱਤੀਆਂ ਜਾਣਗੀਆਂ। ਇਸ ਨਾਲ ਸਰਕਾਰ ਦੇ ਅਨੁਸਾਰ ਲਗਭਗ £100 ਮਿਲੀਅਨ ਦੀ ਬਚਤ ਹੋਵੇਗੀ, ਜੋ ਮੋਹੱਲਾ ਪੁਲਿਸਿੰਗ ‘ਤੇ ਖਰਚ ਕੀਤੀ ਜਾਵੇਗੀ — ਤਾਂ ਜੋ ਲੋਕਾਂ ਦੇ ਇਲਾਕੇ ਵਿੱਚ ਜ਼ਿਆਦਾ ਪੁਲਿਸ ਅਧਿਕਾਰੀ ਹੋਣ। ਕਈ ਮੌਜੂਦਾ ਪੀ ਸੀ ਸੀ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਉਹ ਕਹਿੰਦੇ ਹਨ ਕਿ ਬਿਨਾਂ ਉਹਨਾਂ ਨਾਲ ਸਲਾਹ ਕੀਤੇ ਇਹ ਫੈਸਲਾ ਲਿਆ ਗਿਆ ਹੈ ਅਤੇ ਇਸ ਨਾਲ ਪੁਲਿਸ ਦੀ ਜਵਾਬਦੇਹੀ ਘਟ ਸਕਦੀ ਹੈ।ਪਰ ਸਰਕਾਰ ਦਾ ਕਹਿਣਾ ਹੈ ਕਿ ਨਵਾਂ ਤਰੀਕਾ ਹੋਰ ਸਿੱਧਾ ਅਤੇ ਲੋਕਾਂ ਦੇ ਨੇੜੇ ਹੋਵੇਗਾ।

# ਪੰਜਾਬ ਯੂਨੀਵਰਸਿਟੀ ਵਿੱਚ ਵਿਰੋਧ ਪ੍ਰਦਰਸ਼ਨ ਦੌਰਾਨ ਵਿਦਿਆਰਥਣ ਹਰਮਨਪ੍ਰੀਤ ਕੌਰ ਬਣੀ ਹਿੰਮਤ ਦੀ ਮਿਸਾਲ

## ਬਾਂਹ ਛੱਡੋ... ਜੇ ਮੇਰੇ ’ਤੇ ਪੈ ਗਈ ਫਿਰ ਆਪਣਾ ਹਿਸਾਬ ਲਾ ਲਈ... ਲੜਦੇ ਲੋਕੀਂ ਜ਼ਿੰਦਾਬਾਦ”

**ਚੰਡੀਗੜ੍ਹ ਗੁਰਭਿੰਦਰ ਗੁਰੀ** ਪੰਜਾਬ ਯੂਨੀਵਰਸਿਟੀ ਵਿੱਚ ਸੋਮਵਾਰ ਨੂੰ ਵਿਦਿਆਰਥੀਆਂ ਵੱਲੋਂ ਸਿਆਸੀ ਅਤੇ ਕਿਸਾਨ ਆਗੂਆਂ ਦੇ ਨਾਲ ਮਿਲ ਕੇ ਲੰਬੇ ਸਮੇਂ ਤੋਂ ਲਟਕਦੀਆਂ ਸੈਨੇਟ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਤੀਖ਼ੇ ਵਿਰੋਧ ਪ੍ਰਦਰਸ਼ਨ ਕੀਤੇ ਗਏ। ਯੂਨੀਵਰਸਿਟੀ ਪ੍ਰਬੰਧਕਾਂ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਤਣਾਅ ਪੂਰੇ ਦਿਨ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਅੰਦੋਲਨ ਦੌਰਾਨ ਹਾਲਾਤ ਇਸ ਕਦਰ ਗੰਭੀਰ ਹੋ ਗਏ ਕਿ ਪ੍ਰਬੰਧਕਾਂ ਨੇ ਸਵੇਰੇ ਹੀ ਯੂਨੀਵਰਸਿਟੀ ਦੇ ਸਾਰੇ ਗੇਟ ਬੰਦ ਕਰ ਦਿੱਤੇ ਤਾਂ ਜੋ ਵਿਦਿਆਰਥੀ ਕੈਂਪਸ ਵਿੱਚ ਇਕੱਠੇ ਨਾ ਹੋ ਸਕਣ। ਇਸ ਨਾਲ ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਝੜਪਾਂ ਦੇ ਹਾਲਾਤ ਬਣ ਗਏ।

ਇਸ ਗਰਮ ਮਾਹੌਲ ਵਿਚ ਇੱਕ ਵਿਦਿਆਰਥਣ ਹਰਮਨਪ੍ਰੀਤ ਕੌਰ, ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਰਹਿਣ ਵਾਲੀ ਹੈ ਅਤੇ ਪੰਜਾਬ ਯੂਨੀਵਰਸਿਟੀ ਦੇ ਐਂਥਰੋਪੋਲੋਜੀ ਵਿਭਾਗ ਦੀ ਦੂਜੇ ਸਾਲ ਦੀ ਵਿਦਿਆਰਥਣ ਹੈ, ਹਿੰਮਤ ਦਾ ਚਿਹਰਾ ਬਣ ਕੇ ਸਾਹਮਣੇ ਆਈ।

ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਤੇਜ਼ੀ ਨਾਲ ਵਾਇਰਲ ਹੋਈ ਜਿਸ ਵਿੱਚ ਹਰਮਨਪ੍ਰੀਤ ਪੁਲੀਸ ਕਰਮਚਾਰੀ ਨਾਲ ਬਹਿਸ ਕਰਦੀ ਦਿਖਾਈ ਦਿੰਦੀ ਹੈ। ਵੀਡੀਓ ਵਿੱਚ ਉਸ ਦੀ ਗੱਲ ਸੁਣੀ ਜਾ ਸਕਦੀ ਹੈ:

“ਬਾਂਹ ਛੱਡੋ... ਜੇ ਮੇਰੇ ’ਤੇ ਪੈ ਗਈ ਫਿਰ ਆਪਣਾ ਹਿਸਾਬ ਲਾ ਲਈ... ਲੜਦੇ ਲੋਕੀਂ ਜ਼ਿੰਦਾਬਾਦ।”



ਇਸ ਵੀਡੀਓ ਨੇ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ ਤੇ ਹਰਮਨਪ੍ਰੀਤ ਕੌਰ ਹੌਸਲੇ ਦੀ ਮੂਰਤ ਵਜੋਂ ਉਭਰੀ।

ਉਸ ਨੇ ਬਾਅਦ ਵਿੱਚ ਦੱਸਿਆ ਕਿ ਉਹ ਸਵੇਰੇ 5 ਵਜੇ ਦੇ ਕਰੀਬ ਯੂਨੀਵਰਸਿਟੀ ਪਹੁੰਚੀ ਸੀ ਪਰ ਸਾਰੇ ਗੇਟ ਬੰਦ ਸਨ।

“ਮੇਰੇ ਕੋਲ ਆਈ-ਕਾਰਡ ਸੀ, ਮੈਂ ਸਿਰਫ਼ ਆਪਣੇ ਹੋਸਟਲ ਜਾਣਾ ਚਾਹੁੰਦੀ ਸੀ, ਪਰ ਪੁਲੀਸ ਨੇ ਰੋਕ ਲਿਆ। ਜਦ ਮੈਂ ਕਿਹਾ ਕਿ ਮੈਨੂੰ ਜਾਣ ਦਿਓ ਤਾਂ ਇੱਕ ਅਧਿਕਾਰੀ ਨੇ ਮੇਰੀ ਬਾਂਹ ਫੜ ਲਈ। ਮੈਂ ਉਸਨੂੰ ਸਿਰਫ਼ ਕਿਹਾ ਕਿ ਮੈਨੂੰ ਛੱਡੋ ਅਤੇ ਫਿਰ ਮੈਨੂੰ ਅੰਦਰ ਜਾਣ ਦਿੱਤਾ ਗਿਆ,” ਉਸ ਨੇ ਕਿਹਾ।

ਇਹ ਘਟਨਾ ਜਿੱਥੇ ਸੋਸ਼ਲ ਮੀਡੀਆ ’ਤੇ ਗਰਮ ਚਰਚਾ ਦਾ ਵਿਸ਼ਾ ਬਣੀ, ਉੱਥੇ ਹੀ ਹਰਮਨਪ੍ਰੀਤ ਦੇ ਪਰਿਵਾਰ ਨੂੰ ਵੀ ਉਸ ਦੀ ਹਿੰਮਤ ’ਤੇ ਮਾਣ ਹੋਇਆ।

ਉਸ ਦੇ ਪਿਤਾ ਸੁਖਬੀਰ ਸਿੰਘ ਸਿੱਧੂ, ਜੋ ਕਿ ਰੂਪਨਗਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਖੁਰਦ ਦੇ ਰਹਿਣ ਵਾਲੇ ਹਨ, ਨੇ ਕਿਹਾ ਕਿ “ਮੇਰੀ ਧੀ ਆਪਣੇ ਹੱਕ ਲਈ ਲੜਨਾ ਜਾਣਦੀ ਹੈ। ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਉਸ ਨੇ ਪਿੰਡ ਹੀ ਨਹੀਂ, ਸਾਰੇ ਜ਼ਿਲ੍ਹੇ ਦਾ ਨਾਮ ਚਮਕਾਇਆ ਹੈ।”

ਉਸ ਦਾ ਭਰਾ ਜ਼ਸਨਪ੍ਰੀਤ ਸਿੰਘ ਭਾਰਤੀ ਏਅਰ ਫੋਰਸ ਵਿੱਚ ਸੇਵਾ ਕਰ ਰਿਹਾ ਹੈ। ਹਰਮਨਪ੍ਰੀਤ ਕੌਰ ਨੇ ਕਿਹਾ ਕਿ ਉਸ ਦੀ ਮਾਂ ਸੁਰਿੰਦਰ ਕੌਰ ਨੇ ਉਸ ਨੂੰ ਚੰਗੇ ਸੰਸਕਾਰ ਤੇ ਸੱਚ ਲਈ ਖੜ੍ਹੇ ਰਹਿਣ ਦਾ ਜਜ਼ਬਾ ਦਿੱਤਾ ਹੈ।

ਇਸ ਘਟਨਾ ਨੇ ਪੰਜਾਬ ਯੂਨੀਵਰਸਿਟੀ ਦੇ ਅੰਦੋਲਨ ਨੂੰ ਨਵਾਂ ਰੁਖ ਦੇ ਦਿੱਤਾ ਹੈ। ਵਿਦਿਆਰਥੀ ਸੰਗਠਨਾਂ ਵੱਲੋਂ ਸੈਨੇਟ ਚੋਣਾਂ ਜਲਦੀ ਕਰਵਾਉਣ ਦੀ ਮੰਗ ਹੋਰ ਵੀ ਤੀਖੀ ਹੋ ਗਈ ਹੈ। ਹਰਮਨਪ੍ਰੀਤ ਕੌਰ ਹੁਣ ਇਸ ਅੰਦੋਲਨ ਦੀ ਹਿੰਮਤ ਦੀ ਅਵਾਜ਼ ਬਣ ਚੁੱਕੀ ਹੈ — ਉਹ ਅਵਾਜ਼ ਜੋ ਕਹਿੰਦੀ ਹੈ, “ਲੜਦੇ ਲੋਕੀਂ ਜ਼ਿੰਦਾਬਾਦ।”

# ਸਰਕਾਰ ਦੁਆਰਾ ਹਰੀਜਨ ਬਸਤੀ ਦੀ ਸੜਕ ਲਿਖਣਾ ਦਲਿਤ ਭਾਈਚਾਰੇ ਨੂੰ ਗਾਲੀ ਦੇ ਬਰਾਬਰ

## ਐਸ ਸੀ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ – ਪੈਂਥਰ

**ਕਪੂਰਥਲਾ, (ਕੌੜਾ)–** ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਵੱਲੋਂ ਪਿਛਲੇ ਸਾਲ ਜੁਲਾਈ ਮਹੀਨੇ ਮੁੱਖ ਮੰਤਰੀ ਪੰਜਾਬ ਸਰਕਾਰ, ਸਮਾਜ ਭਲਾਈ ਮੰਤਰੀ ਪੰਜਾਬ ਅਤੇ ਐਸ ਸੀ ਕਮਿਸ਼ਨ ਪੰਜਾਬ ਨੂੰ ਪੱਤਰ ਲਿਖੇ ਗਏ ਸਨ ਕਿ ਵੱਖ-ਵੱਖ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ 'ਤੇ ਐਸ ਸੀ ਭਾਈਚਾਰੇ ਲਈ ਕੱਟੇ ਗਏ ਰਿਹਾਇਸ਼ੀ ਪਲਾਟਾਂ 'ਤੇ ਬਣੇ ਮੁਹੱਲਿਆਂ ਦੇ ਗ਼ੈਰ ਸੰਵਿਧਾਨਕ ਨਾਮਾਂ ਦੇ ਲਗਾਏ ਬੋਰਡ ਸੁਧਾਰਨ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਜਾਵੇ। ਐਸ ਸੀ ਕਲੋਨੀ ਅਤੇ ਹਰੀਜਨ ਕਲੋਨੀ ਗੈਰ ਸੰਵਿਧਾਨਿਕ ਹਨ ਅਤੇ ਇੱਕ ਵਿਸ਼ੇਸ਼ ਜਾਤੀ ਦੇ ਲੋਕਾਂ ਲਈ ਵਰਤੇ ਜਾਂਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਸੁਸਾਇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਸਮਾਜ ਸੇਵਕ ਧਰਮ ਪਾਲ ਪੈਂਥਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋੜੀਂਦੀ ਕਾਰਵਾਈ ਲਈ ਪੱਤਰ ਜਵਾਬ ਵੱਜੋਂ ਭੇਜਿਆ ਗਿਆ ਸੀ। ਪਰ ਸਰਕਾਰ ਵੱਲੋਂ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਨਾ ਤਾਂ ਇਸ ਸੰਬੰਧੀ ਸਮਾਜ ਭਲਾਈ ਮੰਤਰੀ ਅਤੇ ਨਾ ਹੀ ਐਸ ਸੀ ਕਮਿਸ਼ਨ ਪੰਜਾਬ ਵੱਲੋਂ ਕੋਈ ਕਾਰਵਾਈ ਕੀਤੀ ਗਈ। ਸੁਸਾਇਟੀ ਵੱਲੋਂ ਹਰੀਜਨ ਸ਼ਬਦ ਅਤੇ ਐਸ ਸੀ ਕਲੋਨੀਆਂ ਦੇ ਲੱਗੇ ਬੋਰਡਾਂ ਦੀਆਂ ਤਸਵੀਰਾਂ ਵੀ ਲਗਾਈਆਂ ਗਈਆਂ ਸਨ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਿਭਾਗ ਵੱਲੋਂ ਮਿਤੀ 22-11-2012 ਕੇਂਦਰ ਦੇ ਸਾਰੇ ਵਿਭਾਗਾਂ ਅਤੇ ਸੂਬਾ ਸਰਕਾਰਾਂ ਨੂੰ ਹਰੀਜਨ ਸ਼ਬਦ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਇਹ ਵੀ ਪੱਤਰ ਨੱਥੀ ਕੀਤਾ ਗਿਆ। ਪੰਜਾਬ ਸਰਕਾਰ ਦੇ ਸਿੱਖਿਆ ਅਤੇ ਸੂਚਨਾ ਲੋਕ ਸੰਪਰਕ ਵਿਭਾਗ ਦੇ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਨੇ ਬੀਤੇ ਦਿਨ ਆਨੰਦਪੁਰ ਸਾਹਿਬ ਦੀਆਂ ਸੜਕਾਂ ਦੇ ਨਵੀਨੀਕਰਣ ਅਤੇ ਹੋਰ ਸਮਾਜ ਭਲਾਈ ਕੰਮਾਂ ਦਾ ਨੀਂਹ ਪੱਥਰ ਰੱਖਣ ਸੰਬੰਧੀ ਅਖਬਾਰਾਂ ਨੂੰ ਪ੍ਰੈਸ ਨੋਟ ਜਾਰੀ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਵੱਲੋਂ ਹਰੀਜਨ ਬਸਤੀ ਦੀ ਸੜਕ ਦਾ ਜ਼ਿਕਰ ਕੀਤਾ ਗਿਆ ਜੋ ਕਿ ਗੈਰ ਸੰਵਿਧਾਨਕ ਸ਼ਬਦ ਦੀ ਵਰਤੋਂ ਕਰਕੇ ਭਾਰਤ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ ਹੈ। ਭਾਰਤੀ ਸੰਵਿਧਾਨ ਵਿੱਚ ਕਿਤੇ ਵੀ ਹਰੀਜਨ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ। ਇਸ ਸ਼ਬਦ ਦੀ ਦਲਿਤ ਸਮਾਜ ਨੂੰ ਗਾਲੀ ਦੇ ਬਰਾਬਰ ਮੰਨਿਆ ਗਿਆ ਹੈ।



ਪੈਂਥਰ ਨੇ ਕਿਹਾ ਕਿ ਇਹ ਸ਼ਬਦ ਵਰਤਣ ਨਾਲ ਐਸ ਸੀ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ ਅਤੇ ਕੜੇ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ। ਐਸ ਸੀ ਕਮਿਸ਼ਨ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਮੰਤਰੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਭਵਿੱਖ ਵਿੱਚ ਕੋਈ ਵੀ ਸਰਕਾਰੀ ਅਤੇ ਗੈਰ ਸਰਕਾਰੀ ਵਿਆਕਤੀ ਗੈਰ ਸੰਵਿਧਾਨਕ ਸ਼ਬਦਾਂ ਦੀ ਵਰਤੋਂ ਨਾ ਕਰੇ।

# ਸ਼ੈਲੇਸ਼ ਉਮੇਸ਼ ਵੈਲਫੇਅਰ ਫਾਊਂਡੇਸ਼ਨ ਵੱਲੋਂ ਤੀਜਾ ਸੈਸ਼ਨ ਖ਼ਤਮ ਹੋਣ ਤੇ ਵਿਦਿਆਰਥੀਆਂ ਨੂੰ ਵੰਡੇ ਗਏ ਸਰਟੀਫਿਕੇਟ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ੈਲੇਸ਼ ਉਮੇਸ਼ ਵੈਲਫੇਅਰ ਫਾਊਂਡੇਸ਼ਨ ਵੱਲੋਂ ਤੀਜਾ ਸੈਸ਼ਨ ਸਮਾਪਤ ਹੋਣ ਤੇ ਅੱਜ ਸਮਾਗਮ ਕਰਵਾਇਆ ਗਿਆ । ਫਾਊਂਡੇਸ਼ਨ ਦੇ ਚੇਅਰਪਰਸਨ ਸ਼ੈਲਜਾ ਸ਼ਰਮਾ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਬੁਟੀਕ, ਬਿਊਟੀ ਪਾਰਲਰ, ਸੁੰਦਰਤਾ ਅਤੇ ਸਿਲਾਈ ਦੀ ਸਿਖਲਾਈ ਦਿੱਤੀ ਜਾਂਦੀ ਹੈ । ਹੁਣ ਤੱਕ ਸੈਂਟਰ ਵਿੱਚੋਂ 100 ਤੋਂ ਵੱਧ ਲੜਕੀਆਂ, ਔਰਤਾਂ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੀਆਂ ਹਨ । ਅੱਜ ਤੀਜਾ ਸੈਸ਼ਨ ਖ਼ਤਮ ਹੋਣ ਤੇ ਲੜਕੀਆਂ, ਔਰਤਾਂ ਨੂੰ ਸਰਟੀਫਿਕੇਟ ਵੰਡੇ ਗਏ । ਸ਼ੈਲਜਾ ਸ਼ਰਮਾ ਨੇ ਉਹਨਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ।





# ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਦਾ ਆਯੋਜਿਨ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਅੱਜ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ । ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਉਪਰੰਤ ਸਜੇ ਦੀਵਾਨ ਵਿਚ ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਰਸ ਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਨਾਮ ਸਿਰਮਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ । ਇਸ ਮੌਕੇ ਭਾਈ ਜੋਗਾ ਸਿੰਘ ਜੀ ਹਜ਼ੂਰੀ ਰਾਗੀ ਗੁਰੁਦਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਅਤੇ ਗੂਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀ ਕੀਰਤਨੀ ਜਥਿਆਂ ਨੇ ਹਾਜ਼ਰੀ ਭਰੀ । ਸਮਾਗਮ ਵਿਚ ਗਿਆਨੀ ਗੁਰਪ੍ਰੀਤ ਸਿੰਘ ਗੁਰਦੁਆਰਾ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਸਿੱਖਿਆਵਾਂ ਬਾਰੇ ਚਾਣਨਾ ਪਾਉਂਦੇ ਹੋਏ ਗੁਰੂ ਜੀ ਵੱਲੋ ਦਰਸਾਏ ਸੇਵਾ ਮਾਰਗ ਤੇ ਚਲਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਸੰਗਤਾਂ ਨੂੰ ਕਿਰਤ ਕਰਨ, ਵੰਡ ਛਕਣ, ਨਾਮ ਸਿਮਰਨ ਕਰਨ ਲਈ ਪ੍ਰੇਰਿਆ ਅਤੇ ਦਿਨੋ ਦਿਨ ਵੱਧ ਰਹੇ ਪਾਖੰਡਵਾਦ ਤੋਂ ਬਚਣ ਲਈ ਵੀ ਸੰਗਤਾਂ ਨੂੰ ਚੇਤੰਨ ਕੀਤਾ । ਮਹਾਨ ਗੁਰਮਤਿ ਸਮਾਗਮ ਵਿਚ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਇਕੱਤਰ ਸਮੂਹ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਟਰੱਸਟ ਵੱਲੋ ਚਲਾਏ ਜਾ ਰਹੇ ਅਦਾਰਿਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ । ਉਹਨਾਂ ਨੇ ਗੁਰੂ ਸਾਹਿਬਾਨ ਵੱਲੋਂ ਦਿਖਾਏ ਸਿੱਖੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਦੇ ਹੋਏ ਸਮੂਹ ਸੰਗਤਾਂ ਨੂੰ ਜਲ ਅਤੇ ਵਾਤਾਵਰਣ ਦੀ ਰਾਖੀ ਲਈ ਜਾਗੁਰਕ ਕੀਤਾ । ਇਸ ਮੌਕੇ ਸਤਨਾਮ ਸਿੰਘ ਲਾਦੀਆਂ ਨੇ ਸਮਾਗਮ ਅਤੇ ਸੰਸਥਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਬਾਖੂਬੀ ਸਟੇਜ ਸੰਚਾਲਨਾ ਕੀਤੀ ।



ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੀਆਂ ਝਲਕੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਵਿਚ ਜਥੇਦਾਰ ਜੰਗ ਬਹਾਦਰ ਸਿੰਘ ਐਗਜ਼ੀਕਿਊਟਿਵ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਬਾਬਾ ਜੋਗਿੰਦਰ ਸਿੰਘ ਨਿਰਮਲ ਕੁਟੀਆ ਰਾਮਪੁਰ ਅਟਾਰੀ ਵਾਲੇ, ਜਥੇਦਾਰ ਬਾਬਾ ਨੌਰੰਗ ਸਿੰਘ ਮੁੱਖ ਸੇਵਾਦਾਰ ਗੁ: ਮੰਜੀ ਸਾਹਿਬ ਪਾ: ਨੌਵੀਂ ਨਵਾਂਸ਼ਹਿਰ, ਨਰਿੰਦਰ ਸਿੰਘ ਸ਼ੇਰਗਿੱਲ ਮੈਂਬਰ ਸੀਨੀਅਰ ਮੈਂਬਰ ਟਰੱਸਟ, ਬੀਬੀ ਬਲਵਿੰਦਰ ਕੌਰ ਖਜ਼ਾਨਚੀ ਟਰੱਸਟ, ਦਵਿੰਦਰ ਸਿੰਘ ਢਿੱਲੋਂ ਅਮਰੀਕਾ, ਸੁੱਚਾ ਸਿੰਘ ਲੋਹਗੜ੍ਹ ਇੰਟਰਨੈਸ਼ਨਲ ਅਕਾਲ ਮਿਸ਼ਨ ਯੂ ਕੇ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਗੁਰਦੀਪ ਸਿੰਘ ਢਾਹਾਂ, ਇੰਦਰਜੀਤ ਸਿੰਘ ਵਾਰੀਆ ਮੁੱਖ ਸੇਵਾਦਾਰ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ, ਸੋਹਨ ਲਾਲ ਢੰਡਾ ਸੀਨੀਅਰ ਆਗੂ, ਸਤਵੀਰ ਸਿੰਘ ਪੱਲੀ ਝਿੱਕੀ ਸੀਨੀਅਰ ਆਗੂ, ਨਵਦੀਪ ਸਿੰਘ ਅਨੋਖਰਵਾਲ ਸੀਨੀਅਰ ਆਗੂ, ਬਾਬਾ ਰੇਸ਼ਮ ਸਿੰਘ ਬੰਗਾ, ਪ੍ਰਿੰਸੀਪਲ ਰਣਜੀਤ ਸਿੰਘ ਭਾਈ ਸੰਗਤ ਸਿੰਘ ਕਾਲਜ ਬੰਗਾ, ਪ੍ਰੋਫੈਸਰ ਗੁਲਬਹਾਰ ਸਿੰਘ, ਐਡਵੋਕੇਟ ਅਮਰੀਕ ਸਿੰਘ ਬੰਗਾ, ਬਲਵੰਤ ਸਿੰਘ ਲਾਦੀਆ, ਮਹਿੰਦਰ ਸਿੰਘ ਢਾਹਾਂ, ਜਥੇਦਾਰ ਤਰਲੋਕ ਸਿੰਘ ਫਲੋਰਾ ਹੀਉਂ, ਸੁਰਿੰਦਰ ਸਿੰਘ ਘੁੰਮਣਾ ਸ਼ਾਹ ਜੀ, ਜਸਵੀਰ ਸਿੰਘ ਨਾਗਰਾ, ਅਮਰੀਕ ਸਿੰਘ ਮੰਡੀ, ਐਸ ਡੀ ਓ ਪਰਮਜੀਤ ਸਿੰਘ ਮੰਡੀ, ਲੰਬੜਦਾਰ ਸਵਰਨ ਸਿੰਘ ਕਾਹਮਾ, ਉਂਕਾਰ ਸਿੰਘ ਭੂਤਾਂ, ਭਾਈ ਸਤਨਾਮ ਸਿੰਘ ਗੁ: ਚਰਨਕੰਵਲ ਸਾਹਿਬ ਪਾਤਸ਼ਾਹੀ ਛੇਵੀਂ ਬੰਗਾ, ਬਲਵੀਰ ਸਿੰਘ ਕੰਗਰੋੜ, ਜਥੇਦਾਰ ਗੁਰਨਾਮ ਸਿੰਘ, ਬਹਾਦਰ ਸਿੰਘ ਮਜਾਰੀ, ਬਾਬਾ ਕਸ਼ਮੀਰਾ ਸਿੰਘ, ਧਰਮਿੰਦਰ ਸਿੰਘ ਕਲੇਰਾਂ, ਮਹਿੰਦਰ ਸਿੰਘ ਧਾਲੀਵਾਲ, ਜਗਦੀਪ ਸਿੰਘ ਨਵਾਂਸ਼ਹਿਰ, ਜਗਜੀਤ ਸਿੰਘ ਨਵਾਂਸ਼ਹਿਰ, ਮਨਮੋਹਨ ਸਿੰਘ ਨਵਾਂਸ਼ਹਿਰ, ਕੁਲਜੀਤ ਸਿੰਘ ਖਾਲਸਾ ਨਵਾਂਸ਼ਹਿਰ, ਹਕੀਕਤ ਸਿੰਘ ਨਵਾਂਸ਼ਹਿਰ, ਬੂਟਾ ਸਿੰਘ ਢੰਢੂਹਾ, ਸੁਖਵਿੰਦਰ ਸਿੰਘ ਗੋਬਿੰਦਪੁਰ, ਕਮਲਜੀਤ ਸਿੰਘ ਕੁਲਥਮ, ਦਵਿੰਦਰ ਸਿੰਘ ਕਲਸੀ, ਬਲਵੀਰ ਸਿੰਘ ਅਜੀਮਲ, ਜਸਵੀਰ ਸਿੰਘ ਨਾਗਰਾ ਬਹਿਰਾਮ, ਬਲਜਿੰਦਰ ਸਿੰਘ ਹੈਪੀ ਕਲੇਰਾਂ, ਦਾਰਾ ਸਿੰਘ ਸਰਪੰਚ ਕਲੇਰਾਂ, ਭਾਈ ਸਤਨਾਮ ਸਿੰਘ ਢਾਹਾਂ, ਦਲਜੀਤ ਸਿੰਘ ਕਲੇਰਾਂ, ਗੁਦਾਵਰ ਸਿੰਘ ਕਲੇਰਾਂ, ਰਾਜਿੰਦਰ ਸਿੰਘ ਢੰਡਵਾੜ, ਕੁਲਵਿੰਦਰ ਸਿੰਘ ਢਿੱਲੋਂ, ਡਾ ਸੁਖਵਿੰਦਰ ਸਿੰਘ ਕਲਸੀ, ਗੁਰਮੀਤ ਸਿੰਘ, ਹੈਡਮਾਸਟਰ ਰਾਜਿੰਦਰ ਸਿੰਘ ਖਾਲਸਾ ਹਾਈ ਸਕੂਲ ਬੰਗਾ, ਪਰਮਜੀਤ ਸਿੰਘ ਖਾਲਸਾ, ਸਤਨਾਮ ਸਿੰਘ ਝਿੱਕਾ, ਰਾਜ ਕੁਮਾਰ ਰਾਜ ਟਰੈਵਲ, ਲੈਫਟੀਨੈਂਟ ਕਰਨਲ ਸ਼ਰਨਜੀਤ ਸਿੰਘ ਰੋਟਰੀ ਕਲੱਬ ਬੰਗਾ, ਮਾਸਟਰ ਜੀਤ ਸਿੰਘ ਗੁਣਾਚੌਰ, ਬਾਬਾ ਗੁਰਜਿੰਦਰ ਸਿੰਘ ਸਰਹਾਲਾ ਖੁਰਦ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ, ਮੈਡਮ ਵਨੀਤਾ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਭਾਈ ਮਨਜੀਤ ਸਿੰਘ, ਨਰਿੰਦਰ ਸਿੰਘ ਢਾਹਾਂ, ਇਲਾਕੇ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ, ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਇਸਤਰੀ ਸਤਿਸੰਗ ਸਭਾ ਬੰਗਾ, ਕਮੇਟੀ ਗੁਰਦੁਆਰਾ ਫੱਤੂਆਣਾ ਸਾਹਿਬ ਅਤੇ ਸਮੂਹ ਸੰਗਤਾਂ ਤੋਂ ਇਲਾਵਾ ਟਰੱਸਟ ਅਧੀਨ ਚੱਲਦੇ ਅਦਾਰਿਆਂ ਦਾ ਸਟਾਫ਼, ਵਿਦਿਆਰਥੀਆਂ ਨੇ ਵੀ ਹਾਜ਼ਰੀਆਂ ਭਰੀਆਂ। ਇਸ ਮੌਕੇ ਭਾਈ ਘਨੱਈਆ ਸੇਵਕ ਜਥਾ ਜਾਡਲਾ ਨੇ ਜੋੜਿਆਂ ਦੀ ਸੇਵਾ ਨਿਭਾਈ। ਸਮਾਗਮ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

# ਮਾਨਸਰੋਵਰ ਸਾਹਿਤ ਅਕਾਦਮੀ ਦਾ ਲਾਇਵ ਪ੍ਰੋਗਰਾਮ ਮਾਂ ਬੋਲੀ ਪੰਜਾਬੀ ਦੇ ਪਿਆਰ ਭਿੱਜਿਆ ਰਿਹਾ-ਸੂਦ ਵਿਰਕ

**ਫ਼ਗਵਾੜਾ ਨਵੰਬਰ (ਚਰਨਜੀਤ ਸੱਲ੍ਹਾਂ )** ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਬੀਤੀ ਸ਼ਾਮ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਜਤਿੰਦਰ ਕੌਰ,ਦਿਲਪ੍ਰੀਤ ਗੁਰੀ, ਹਰੀਸ਼ ਹਰਫ਼,ਪ੍ਰੋ.ਪਵਨ ਖਿੱਚੀ (ਮਾਨਸਾ),ਬੂਟਾ ਸੁਨਾਮੀ ਕੋਟ ਬਖਤੂ (ਬਠਿੰਡਾ) ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਜਤਿੰਦਰ ਕੌਰ ਅਤੇ ਦਿਲਪ੍ਰੀਤ ਗੁਰੀ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਹਰੀਸ਼ ਹਰਫ਼ ਅਤੇ ਪ੍ਰੋ.ਪਵਨ ਖਿੱਚੀ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਬੂਟਾ ਸੁਨਾਮੀ ਨੇ ਵੀ ਕਵਿਤਾਵਾਂ ਨਾਲ ਖੂਬ ਸਮਾਂ ਬੰਨਿਆ।




ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਖੁੱਦ ਨੂੰ ਪਛਾਣ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

# ਵਿਸ਼ੇਸ਼ ਬੱਚਿਆਂ ਦੇ 'ਵਿੰਗਜ਼' ਪ੍ਰੋਜੈਕਟ ਲਈ ਮੁਹਾਲੀ ਨਿਵਾਸੀ ਉਦਿਤ ਗੁਪਤਾ ਨੇ ਦਿੱਤਾ 1.25 ਲੱਖ ਦਾ ਯੋਗਦਾਨ

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕੀਤੀ ਸ਼ਲਾਘਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਵਿਸ਼ੇਸ਼ ਬੱਚਿਆਂ ਲਈ ਚਲਾਏ ਜਾ ਰਹੇ ਵਿਲੱਖਣ ਪ੍ਰੋਜੈਕਟ "ਵਿੰਗਜ਼" ਨੂੰ ਅੱਜ ਇਕ ਪ੍ਰੇਰਨਾਦਾਇਕ ਯੋਗਦਾਨ ਮਿਲਿਆ। ਮੁਹਾਲੀ ਨਿਵਾਸੀ ਉਦਿਤ ਗੁਪਤਾ, ਜੋ ਕਿ ਅਜੇਸ਼ ਗੁਪਤਾ (ਐਸੋਸੀਏਟ ਵਾਈਸ ਪ੍ਰੈਜ਼ੀਡੈਂਟ, ਕੁਆਂਟਮ ਪੇਪਰ ਮਿੱਲਜ਼, ਸੈਲਾ ਖੁਰਦ) ਦੇ ਪੁੱਤਰ ਹਨ, ਨੇ ਪ੍ਰੋਜੈਕਟ ਲਈ 1.25 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਉਦਿਤ ਗੁਪਤਾ, ਜੋ ਪਿਛਲੇ ਪੰਜ ਸਾਲਾਂ ਤੋਂ ਜਰਮਨੀ ਵਿਚ ਇਕ ਵੱਕਾਰੀ ਫਾਰਮਾਸਿਊਟੀਕਲ ਕੰਸਲਟੈਂਸੀ ਕੰਪਨੀ ਲਈ ਕੰਮ ਕਰ ਰਹੇ ਹਨ, ਅੱਜ ਇਸ ਪ੍ਰੋਜੈਕਟ ਵਿਚ ਯੋਗਦਾਨ ਪਾਉਣ ਲਈ ਵਿਸ਼ੇਸ਼ ਤੌਰ 'ਤੇ ਹੁਸ਼ਿਆਰਪੁਰ ਪਹੁੰਚੇ। ਉਨ੍ਹਾਂ ਇਸ ਪਹਿਲਕਦਮੀ ਬਾਰੇ ਆਪਣੇ ਪਿਤਾ ਅਜੇਸ਼ ਗੁਪਤਾ ਤੋਂ ਸੇਧ ਲਈ, ਜਿਨ੍ਹਾਂ ਦਾ ਉਦੇਸ਼ ਆਟਿਸਟਿਕ ਅਤੇ ਬੌਧਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਸਵੈ-ਨਿਰਭਰ ਬਣਨ ਲਈ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਸ਼ਕਤ ਬਣਾਉਣਾ ਹੈ। ਇਸ ਲਈ ਉਨ੍ਹਾਂ ਨਿੱਜੀ ਤੌਰ 'ਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਉਦਿਤ ਗੁਪਤਾ ਨੇ ਕਿਹਾ ਕਿ ਉਹ ਹਮੇਸ਼ਾ ਸਮਾਜ ਸੇਵਾ ਅਤੇ ਲੋਕ ਭਲਾਈ ਵਿੱਚ ਯੋਗਦਾਨ ਪਾਉਣ ਵਿਚ ਦਿਲਚਸਪੀ ਰੱਖਦੇ ਰਹੇ ਹਨ। ਜਦੋਂ ਉਨ੍ਹਾਂ ਨੂੰ ਵਿੰਗਜ਼ ਪ੍ਰੋਜੈਕਟ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਇਹ ਪਹਿਲ ਵਿਸ਼ੇਸ਼ ਬੱਚਿਆਂ ਨੂੰ ਸਵੈ-ਨਿਰਭਰਤਾ ਵੱਲ ਮਾਰਗਦਰਸ਼ਨ ਕਰ ਰਹੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸ੍ਰੀ ਗੁਪਤਾ ਦੇ ਇਸ ਯੋਗਦਾਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ, ਕਿ "ਵਿੰਗਜ਼" ਇਕ ਰਾਜ-ਪੱਧਰੀ ਪਹਿਲਕਦਮੀ ਹੈ ਜਿਸ ਦਾ ਵਿਸਥਾਰ ਹੁਣ ਦੂਜੇ ਜ਼ਿਲ੍ਹਿਆਂ ਵਿਚ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁਹਾਲੀ ਜ਼ਿਲ੍ਹੇ ਨੇ ਵੀ ਇਸ ਪ੍ਰੋਜੈਕਟ ਨੂੰ ਅਪਣਾਇਆ ਹੈ ਅਤੇ ਜਲਦੀ ਹੀ ਖਰੜ ਪੌਲੀਟੈਕਨਿਕ ਕਾਲਜ ਵਿਖੇ ਇਕ "ਵਿੰਗਜ਼ ਟੱਕ ਸ਼ਾਪ" ਦੀ ਸਥਾਪਨਾ ਕੀਤੀ ਜਾਵੇਗੀ। ਆਸ਼ਿਕਾ ਜੈਨ ਨੇ ਕਿਹਾ ਕਿ ਦੇਸ਼ ਭਰ ਦੇ ਸਕੂਲਾਂ ਅਤੇ ਕਾਲਜਾਂ ਵਿਚ ਲਾਗੂ ਕੀਤਾ ਗਿਆ ਇਹ ਪ੍ਰੋਜੈਕਟ ਵਿਸ਼ੇਸ਼ ਵਰਗ ਵਾਲੇ ਬੱਚਿਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਸਕਦਾ ਹੈ। ਉਨ੍ਹਾਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਅਤੇ ਉਨ੍ਹਾਂ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸੰਸਥਾ ਨੂੰ ਸਮਾਜ ਸੇਵਾ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਮਰਪਣ ਦੀ ਇਕ ਸ਼ਾਨਦਾਰ ਉਦਾਹਰਣ ਬਣਾਇਆ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰੈੱਡ ਕਰਾਸ ਹੁਸ਼ਿਆਰਪੁਰ ਦੇ ਉਪਰਾਲਿਆਂ ਵਿਚ ਹਿੱਸਾ ਲੈਣ ਤਾਂ ਜੋ ਵੱਧ ਤੋਂ ਵੱਧ ਲੋੜਵੰਦ ਲੋਕਾਂ ਨੂੰ ਸਹਾਇਤਾ ਅਤੇ ਸਨਮਾਨਜਨਕ ਜੀਵਨ ਦਾ ਮੌਕਾ ਪ੍ਰਦਾਨ ਕੀਤਾ ਜਾ ਸਕੇ।



# ਏ.ਡੀ.ਸੀ. ਨੇ ਮਾਲ ਅਧਿਕਾਰੀਆਂ ਨਾਲ ਕੀਤੀ ਮੀਟਿੰਗ

## ਅਧਿਕਾਰੀਆਂ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਸੇਵਾਵਾਂ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਨੇ ਅੱਜ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੀ ਪ੍ਰਗਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਦੌਰਾਨ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਮਾਲ ਸਬੰਧੀ ਵੱਖ-ਵੱਖ ਮਾਮਲਿਆਂ, ਯੋਜਨਾਵਾਂ ਅਤੇ ਲੰਬਿਤ ਕੰਮਾਂ ਦੀ ਗੰਭੀਰਤਾ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਨਿਸ਼ਚਿਤ ਸਮੇਂ ਵਿਚ ਕੰਮ ਪੂਰਨ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿਚ ਈਜ਼ੀ ਰਜਿਸਟਰੇਸ਼ਨ ਅਤੇ ਮੁਕੇਰੀਆਂ ਤਹਿਸੀਲ ਕੰਪਲੈਕਸ ਦੇ ਨਵੀਨੀਕਰਨ ਸਬੰਧੀ ਪ੍ਰਗਤੀ 'ਤੇ ਚਰਚਾ ਹੋਈ। ਇਸ ਦੇ ਨਾਲ ਹੀ 'ਮੇਰਾ ਘਰ ਮੇਰੇ ਨਾਮ' ਸਕੀਮ ਦੀ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਸਟੈਂਪਸ ਅਤੇ ਰਜਿਸਟਰੇਸ਼ਨ ਨਾਲ ਜੁੜੀ ਰਿਕਵਰੀ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਲੰਬਿਤ ਜ਼ਮੀਨੀ ਮਾਮਲਿਆਂ ਦੇ ਬਕਾਏ ਦੀ ਵਸੂਲੀ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਭੂਮੀ ਪ੍ਰਾਪਤੀ ਦੇ ਚੱਲ ਰਹੇ ਮਾਮਲਿਆਂ ਦੀ ਸਥਿਤੀ ਰਿਪੋਰਟ, ਖਸਰਾ ਵਾਈਜ਼ ਮੈਪਿੰਗ, ਮੁਸਾਫੀ ਕੈਂਡਸਟ੍ਰਲ ਡਿਜੀਟਾਈਜੇਸ਼ਨ, ਜਮ੍ਹਾਬੰਦੀ, ਡਿਜੀਟਲ ਕਰਾਪ ਸਰਵੇ ਅਤੇ ਈਜ਼ੀ ਜਮ੍ਹਾਬੰਦੀ ਸੇਵਾਵਾਂ (ਆਨਲਾਈਨ ਸੇਵਾਵਾਂ, ਮਿਊਟੇਸ਼ਨ, ਰਪਟ, ਫਰਦ ਬਦਰ, ਬੈਂਕ ਲਾਗਇਨ ਆਈ.ਡੀ. ਬਣਾਉਣ ਆਦਿ) ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿਚ ਡਿਸਟ੍ਰਿਕਟ ਮਿਨਰਲ ਫਾਊਂਡੇਸ਼ਨ ਦੇ ਕੰਮਾਂ ਦੀ ਪ੍ਰਗਤੀ 'ਤੇ ਵੀ ਵਿਸਥਾਰ ਨਾਲ ਖਰਚਾ ਹੋਈ। ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਦੀਆਂ ਸਾਰੀਆਂ ਸੇਵਾਵਾਂ ਆਮ ਜਨਤਾ ਨੂੰ ਆਸਾਨ ਅਤੇ ਪਾਰਦਰਸ਼ੀ ਢੰਗ ਨਾਲ ਉਪਲਬੱਧ ਕਰਵਾਈਆਂ ਜਾਣ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਪਹਿਲਕਦਮੀ ਹੈ ਕਿ ਆਨਲਾਈਨ ਸੇਵਾਵਾਂ ਜਿਵੇਂ ਕਿ ਈਜ਼ੀ ਰਜਿਸਟਰੀ ਅਤੇ ਈਜ਼ੀ ਜਮ੍ਹਾਬੰਦੀ ਦਾ ਵੱਧ ਤੋਂ ਵੱਧ ਲਾਭ ਜਨਤਾ ਤੱਕ ਪਹੁੰਚੇ। ਇਸ ਲਈ ਸਾਰੇ ਅਧਿਕਾਰੀ ਆਪਣੇ-ਆਪਣੇ ਪੱਧਰ 'ਤੇ ਜ਼ਿੰਮੇਵਾਰੀ ਨਾਲ ਕੰਮ ਕਰਨ। ਇਸ ਮੌਕੇ ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ. ਮੁਕੇਰੀਆਂ ਅੰਕੁਰ ਮਹਿੰਦਰੂ, ਐਸ.ਡੀ.ਐਮ. ਗੜ੍ਹਸ਼ੰਕਰ ਸੰਜੀਵ ਕੁਮਾਰ, ਡੀ.ਆਰ.ਓ ਅਮਨਦੀਪ ਚਾਵਲਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।



# ਦਿੱਲੀ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਹੋਈ ਵਾਰਦਾਤ ਨੇ ਕੀਤਾ ਖੁਫੀਆ ਏਜੰਸੀਆਂ ਨੂੰ ਸੁੰਨ : ਬਰਿੰਦਰ ਸਿੰਘ ਪ੍ਰਮਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਪ੍ਰਮਾਰ ਨੇ ਦਿੱਲੀ ਦੇ ਲਾਲ ਕਿਲੇ ਦੇ ਬਾਹਰ ਹੋਏ ਬੰਬ ਧਮਾਕੇ ਬਾਰੇ ਟਿੱਪਣੀ ਕਰਦਿਆਂ ਇਸ ਨੂੰ ਮਨੁੱਖਤਾ ਵਿਰੋਧੀ ਨਿੰਦਣਯੋਗ ਵਾਰਦਾਤ ਦੱਸਿਆ। ਉਹਨਾਂ ਧਮਾਕੇ ਵਿੱਚ ਜਾਨਾਂ ਗੁਆਉਣ ਵਾਲੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਜਖਮੀ ਹੋਏ ਨਾਗਰਿਕਾਂ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਇਸ ਦੌਰਾਨ ਉਹਨਾਂ ਇੱਕ ਵਾਰ ਫਿਰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਅੱਤਵਾਦ ਦੇ ਮਾਮਲੇ 'ਚ ਕਾਰਗੁਜ਼ਾਰੀਆਂ ਨੂੰ ਲੈ ਕੇ ਸਵਾਲ ਖੜੇ ਕੀਤੇ ਅਤੇ ਕਿਹਾ ਕਿ ਦਿੱਲੀ ਵਰਗੇ ਸ਼ਹਿਰ ਅਤੇ ਲਾਲ ਕਿਲੇ ਵਰਗੀ ਹੈਰੀਟੇਜ ਇਮਾਰਤ ਦੇ ਸਾਮਹਣੇ ਅਜਿਹੀ ਵਾਰਦਾਤ ਹੋਣਾ ਸੁਰੱਖਿਆ ਦੀ ਬਹੁਤ ਵੱਡੀ ਖਾਮੀ ਹੈ । ਉਹਨਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜਿੰਮੇਵਾਰੀ ਹੈ ਜਿਸ ਨੂੰ ਨਿਭਾਉਣ ਵਿੱਚ ਉਹ ਪੂਰੀ ਤਰ੍ਹਾਂ ਨਾਲ ਨਾਕਾਮ ਹਨ। ਉਹਨਾ ਕਿਹਾ ਕਿ ਹਾਲੇ ਕੁੱਝ ਹੀ ਮਹੀਨੇ ਪਹਿਲਾਂ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ



ਦਹਿਸ਼ਤਗਰਦਾਂ ਵੱਲੋਂ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ । ਜਿਸ ਤੋਂ ਬਾਅਦ ਅਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਦੇ ਖਿਲਾਫ ਫੌਜੀ ਕਾਰਵਾਈ ਕਰਦਿਆਂ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਭਰੋਸਾ ਦਿੱਤਾ ਸੀ ਕਿ ਇਸ ਤੋਂ ਬਾਅਦ ਭਾਰਤ ਵਿੱਚ ਕੋਈ ਅੱਤਵਾਦੀ ਘਟਨਾ ਨਹੀਂ ਵਾਪਰੇਗੀ। ਲੇਕਿਨ ਦੇਸ਼ ਵਿਰੋਧੀ ਤਾਕਤਾਂ ਦੀ ਪਹੁੰਚ ਦਿੱਲੀ ਦੇ ਅਤਿ ਸੁਰੱਖਿਅਤ ਸਮਝੇ ਜਾਣ ਵਾਲੇ ਇਲਾਕਿਆਂ 'ਚ ਹੋ ਚੁੱਕੀ ਹੈ ਅਤੇ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ। ਉਹਨਾਂ ਬਿਹਾਰ ਵਿਧਾਨਸਭਾ ਚੋਣਾਂ ਦੇ ਦੂਸਰੇ ਦੌਰ ਦੀ ਵੋਟਿੰਗ ਤੋਂ ਠੀਕ ਪਹਿਲਾਂ ਇਸ ਵਾਰਦਾਤ ਦੇ ਵਾਪਰਨ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਖਦਸ਼ੇ ਜਾਹਿਰ ਕੀਤੇ ਅਤੇ ਕਿਹਾ ਕਿ ਪੁਲਵਾਮਾ ਦਾ ਅੱਤਵਾਦੀ ਹਮਲਾ 2019 ਦੀਆਂ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਇਆ। ਹੁਣ ਬਿਹਾਰ ਦੀਆਂ ਵਿਧਾਨਸਭਾ ਚੋਣਾਂ ਵਿਚਕਾਰ ਇਹ ਵੱਡੀ ਵਾਰਦਾਤ ਸਾਹਮਣੇ ਆਈ ਹੈ। ਮੋਦੀ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਦੇਸ਼ ਦੀ ਰਾਜਧਾਨੀ ਵਿੱਚ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਇਸ ਵਾਰਦਾਤ ਨੂੰ ਅੰਜਾਮ ਕਿਸ ਤਰ੍ਹਾਂ ਦੇ ਦਿੱਤਾ ਗਿਆ। ਉਹਨਾਂ ਕਿਹਾ ਕਿ ਪਹਿਲਗਾਮ ਹਮਲੇ ਸਮੇਂ ਵੀ ਸਰਕਾਰ ਦੇ ਪਾਸ ਖੁਫੀਆ ਜਾਣਕਾਰੀ ਸੀ ਅਤੇ ਜੰਗਲਾਂ 'ਚ ਸਰਚ ਮੁਹਿਮ ਵੀ ਚੱਲ ਰਹੀ ਸੀ। ਪਰ ਇਸਦੇ ਬਾਵਜੂਦ 27 ਸੈਲਾਨੀਆਂ ਦੀ ਜਿੰਦਗੀ ਚਲੀ ਗਈ। ਉਹਨਾਂ ਦਿੱਲੀ ਬੰਬ ਧਮਾਕੇ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਤਾਂ ਕਿ ਪਤਾ ਲੱਗੇ ਕਿ ਆਖਿਰ ਦਿੱਲੀ ਦੀ ਸੁਰੱਖਿਆ 'ਚ ਕਿੱਥੇ ਅਣਗਹਿਲੀ ਹੋਈ ਹੈ। ਉਹਨਾਂ ਕਿਹਾ ਕਿ ਦੇਸ਼ ਜਾਣਨਾ ਚਾਹੁੰਦਾ ਹੈ ਕਿ ਪੁਲਵਾਮਾ ਅਤੇ ਪਹਿਲਗਾਮ ਦੀ ਤਰ੍ਹਾਂ ਇਸ ਘਟਨਾਂ ਦੇ ਪਿੱਛੇ ਵੀ ਕੇਂਦਰ ਦੀ ਨਾਕਾਮੀ ਜਾਂ ਜਾਣਬੁੱਝ ਕੇ ਸੁਰੱਖਿਆ ਪ੍ਰਬੰਧਾਂ 'ਚ ਵਰਤੀ ਖਾਮੀ ਤਾਂ ਜਿੰਮੇਵਾਰ ਨਹੀਂ ਹੈ।

# ਕਾਮਰੇਡ ਗਿਆਨ ਸਿੰਘ ਸੰਘਾ 33ਵੀਂ ਬਰਸੀ 20 ਨਵੰਬਰ ਨੂੰ

## ਸ਼ਹਾਬ ਪੁਰ ਵਿਖੇ ਕੀਤੀ ਕੀਤੀ ਜਾਵੇਗੀ ਸਿਆਸੀ ਕਾਨਫਰੰਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ- ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਆਗੂ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ 33ਵੀਂ ਬਰਸੀ ਉਹਨਾਂ ਦੇ ਪਿੰਡ ਸਹਾਬਪੁਰ ਵਿਖੇ 20 ਨਵੰਬਰ ਨੂੰ ਮਨਾਈ ਜਾਵੇਗੀ। ਸੀ.ਪੀ.ਆਈ (ਐਮ.ਐਲ) ਨਿਊ ਡੈਮੋਕਰੇਸੀ ਵੱਲੋਂ ਇਸ ਮੌਕੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਦੱਸਿਆ ਕਿ ਇਸ ਦੀ ਤਿਆਰੀ ਵਜੋਂ ਮੀਟਿੰਗਾਂ ਚੱਲ ਰਹੀਆਂ ਹਨ, ਪੋਸਟਰ ਲਾ ਦਿੱਤੇ ਗਏ ਹਨ, ਲੀਫਲੈਟ ਵੰਡਿਆ ਜਾ ਰਿਹਾ ਹੈ ਅਤੇ ਫੰਡ ਇਕੱਠਾ ਕੀਤਾ ਜਾ ਰਿਹਾ। ਉਹਨਾਂ ਹੋਰ ਅੱਗੇ ਦੱਸਿਆ ਕਿ ਇਸ ਕਾਨਫਰੰਸ ਨੂੰ ਪਾਰਟੀ ਦੇ ਆਗੂ ਕਾਮਰੇਡ ਅਜਮੇਰ ਸਿੰਘ ਸਮਰਾ, ਕਾਮਰੇਡ ਦਲਜੀਤ ਸਿੰਘ ਐਡਵੋਕੇਟ ਅਤੇ ਹੋਰ ਆਗੂ ਸੰਬੋਧਨ ਕਰਨਗੇ। ਸ਼ਹੀਦੀ ਯਾਦਗਾਰ ਉੱਤੇ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਇਹ ਕਾਨਫਰੰਸ ਪੂਰੇ 11 ਵਜੇ ਸ਼ੁਰੂ ਹੋ ਜਾਵੇਗੀ। ਇਸ ਬਾਰ ਕਾਮਰੇਡ ਗਿਆਨ ਸਿੰਘ ਸੰਘਾ ਯਾਦਗਾਰੀ ਅਵਾਰਡ ਕਰ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਬਿੱਕਰ ਸਿੰਘ ਹਥੋਆ ਜਮੀਨ ਪ੍ਰਾਪਤੀ ਸੰਘਰਸ਼



ਕਮੇਟੀ ਦੇ ਆਗੂ ਹਨ ਜਿਨਾਂ ਨੂੰ ਸੰਘਰਸ਼ ਕਰਦਿਆਂ ਜੇਲ ਜਾਣਾ ਪਿਆ।ਉਹਨਾਂ ਦੱਸਿਆ ਕਿ ਇਸ ਮੌਕੇ ਨਾਟਕ ਟੀਮ ਵੱਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਵੀ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਕਿਸਾਨਾਂ ਮਜ਼ਦੂਰਾਂ ਦੇ ਵੱਡੇ ਆਗੂ ਸਨ ਜਿਨਾਂ ਨੂੰ 20 ਨਵੰਬਰ 1992 ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਪਿੰਡ ਸੋਇਤਾ ਵਿਖੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਲੋਕਾਂ ਨੂੰ ਇਸ ਕਾਨਫਰੰਸ ਵਿੱਚ ਵੱਧ ਚੜ ਕੇ ਪਹੁੰਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਦਲਜੀਤ ਸਿੰਘ ਐਡਵਕੇਟ, ਕਮਲਜੀਤ ਸਨਾਵਾ ਅਤੇ ਅਵਤਾਰ ਸਿੰਘ ਤਾਰੀ ਵੀ ਮੌਜੂਦ ਸਨ।

# ਵਿਦਿਆਰਥੀਆਂ ਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਉਣਾ ਤਾਨਾਸ਼ਾਹੀ ਦੀ ਖੁੱਲ੍ਹੀ ਮਿਸਾਲ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਗਏ ਸ਼ਾਂਤਮਈ ਪ੍ਰਦਰਸ਼ਨ ਉੱਤੇ ਪੁਲਿਸ ਵੱਲੋਂ ਕੀਤੇ ਗਏ ਲਾਠੀ ਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਬਾਲੀ ਹਸਪਤਾਲ ਦੇ ਐਮਡੀ ਡਾਕਟਰ ਐਮ ਜਮੀਲ ਬਾਲੀ ਨੇ ਕਿਹਾ ਕਿ ਵਿਦਿਆਰਥੀਆਂ ਦਾ ਵਿਰੋਧ ਕਿਸੇ ਰਾਜਨੀਤਿਕ ਮੰਤਵ ਨਾਲ ਨਹੀਂ, ਸਗੋਂ ਪੰਜਾਬ ਯੂਨੀਵਰਸਿਟੀ ਦੀ ਇਤਿਹਾਸਕ ਪਛਾਣ ਤੇ ਅਧਿਕਾਰਾਂ ਦੀ ਰੱਖਿਆ ਲਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਇਸਦੀ ਮੂਲ ਪਛਾਣ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਰਚ ਰਹੀ ਹੈ ਅਤੇ ਵਿਦਿਆਰਥੀਆਂ ਨੇ ਉਸੇ ਅਨਿਆਇਕ ਨੀਤੀ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਪਰ ਦੁੱਖ ਦੀ ਗੱਲ ਹੈ ਕਿ ਪੁਲਿਸ ਨੇ ਇਸ ਸ਼ਾਂਤਮਈ ਆਵਾਜ਼ ਨੂੰ ਡਾਂਗਾਂ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਕੇਂਦਰ ਹੀ ਨਹੀਂ, ਸਗੋਂ ਪੰਜਾਬ ਸਰਕਾਰ ਦੇ ਅਸਲ ਚਿਹਰੇ ਨੂੰ ਵੀ ਬੇਨਕਾਬ ਕੀਤਾ ਹੈ ਜੋ ਕਿ ਨਿੰਦਣਯੋਗ ਹੈ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਵਿਦਿਆਰਥੀਆਂ ਦੀ ਸੁਰੱਖਿਆ ਕਰਨ ਦੀ ਥਾਂ ਉਨ੍ਹਾਂ ਉੱਤੇ ਹੀ ਪੁਲਿਸ ਭੇਜਕੇ ਲਾਠੀਚਾਰਜ ਕਰਵਾ ਦਿੱਤਾ ! ਉਹਨਾਂ ਕਿਹਾ ਕਿ ਚੰਡੀਗੜ੍ਹ ਤੇ ਪੰਜਾਬ ਪੁਲਿਸ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਉੱਤੇ ਬੇਰਹਿਮੀ ਨਾਲ ਲਾਠੀਆਂ ਵਰ੍ਹਾਉਣਾ ਤਾਨਾਸ਼ਾਹੀ ਦੀ ਖੁੱਲ੍ਹੀ ਮਿਸਾਲ ਹੈ। ਉਹਨਾਂ ਚੇਤਾਵਨੀ ਦਿੱਤੀ ਕਿ ਵਿਦਿਆਰਥੀਆਂ ਦੀ ਆਵਾਜ਼ ਨੂੰ ਦਬਾਉਣ



ਨਾਲ ਇਹ ਮੁੱਦਾ ਖਤਮ ਨਹੀਂ ਹੋਵੇਗਾ, ਸਗੋਂ ਪੰਜਾਬ ਦੇ ਲੋਕਾਂ ਵਿਚ ਹੋਰ ਰੋਸ ਪੈਦਾ ਕਰੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਤੁਰੰਤ ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਯੂਨੀਵਰਸਿਟੀ ਉੱਤੇ ਪੰਜਾਬ ਦੇ ਹੱਕ ਦੀ ਮਾਨਤਾ ਦੇਣਾ ਹੁਣ ਲਾਜ਼ਮੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਵਿਦਿਆਰਥੀਆਂ ਦੇ ਨਾਲ ਖੜ੍ਹੇ ਹਨ ਉਹਨਾਂ ਕਿਹਾ ਕਿ ਇਹ ਲੜਾਈ ਕੇਵਲ ਯੂਨੀਵਰਸਿਟੀ ਦੀ ਨਹੀਂ, ਸਗੋਂ ਪੰਜਾਬ ਦੀ ਹੋਂਦ ਤੇ ਸਨਮਾਨ ਦੀ ਲੜਾਈ ਹੈ, ਜਿਸਨੂੰ ਇਨਸਾਫ਼ ਤੱਕ ਪਹੁੰਚਾ ਕੇ ਹੀ ਛੱਡਿਆ ਜਾਵੇਗਾ।

## ਬੇਟੇ ਇੰਜ. ਹਰਸਿਮਰਨ ਸਿੰਘ ਮਸੌਣ ਸਪੁੱਤਰ .ਗਜ਼ਲਗੋ ਅਮਰਜੀਤ ਸਿੰਘ ਜੀਤ ਦੇ ਜਨਮ ਦਿਨ ਮੌਕੇ ਸਮੂਹ ਪਰਿਵਾਰ ਨੂੰ ਸਥਾਨਕ ਸਾਹਿਤ ਸਭਾਵਾਂ ਦੇ ਸਾਹਿਤਕਾਰਾਂ ਵੱਲੋਂ ਸ਼ੁਭ ਕਾਮਨਾਵਾਂ ਤੇ ਮੁਬਾਰਕਬਾਦ ਕਹੀ ਗਈ। ਇਸ ਸ਼ੁਭ ਅਵਸਰ ਤੇ ਉੱਘੇ ਸਾਹਿਤਕਾਰ ਤੇ .ਗਜ਼ਲਗੋ ਅਮਰ ਸਿੰਘ ਸੂਫੀ ਜੀ ਵੱਲੋਂ ਭੇਜਿਆ ਆਸ਼ੀਰਵਾਦ ਬਹੁਤ ਹੀ ਖੂਬਸੂਰਤ ਦੋਹਿਆਂ ਦੇ ਰੂਪ ਵਿੱਚ ਪੇਸ਼ ਹੈ:

### ਦੋਹੇ / ਅਮਰ 'ਸੂਫ਼ੀ'
### (ਜਨਮ ਦਿਨ ਮੁਬਾਰਕ)

ਜਨਮ ਦਿਹਾੜੇ ਦੀ ਲਵੋ,ਢੇਰ ਮੁਬਾਰਕਬਾਦ।
ਰੱਖੇ ਨਜ਼ਰ ਸਵੱਲੜੀ, ਰੱਬ ਅੱਗੇ ਫ਼ਰਿਆਦ।

ਜੀਵਨ ਵਿੱਚ ਹਰੇਕ ਦੇ, ਸੁੱਖਾਂ ਲੱਧੇ ਆਉਣ।
ਚੰਗੇ ਭਾਗਾਂ ਵਾਲੜੇ, ਚਾਵਾਂ ਨਾਲ ਮਨਾਉਣ।

ਆਵੇਗਾ ਇਹ ਹਰ ਵਰ੍ਹੇ, ਕੁਦਰਤ ਦਾ ਹੈ ਨੇਮ।
ਪਹਿਲਾਂ ਨਾਲੋਂ ਵੱਧ ਵਧੇ, ਆਪਸ ਵਿੱਚ ਪ੍ਰੇਮ।

ਜੀਵਨ ਵੰਡੇ ਮਹਿਕ ਨੂੰ, ਜਿੱਦਾਂ ਫੁੱਲ ਗੁਲਾਬ।
ਹੁਣ ਤਕ ਜਿਹੜੇ ਨੇ ਬੁਣੇ, ਪੂਰੇ ਹੋਣ ਖ਼ਵਾਬ।

ਠੰਢੀ ਮਿੱਠੀ ਰੁਮਕਦੀ, ਖ਼ੁਸ਼ਬੂ ਵੰਡੇ ਪੌਣ।
ਮਾੜੀ ਆਵੇ ਨਾ ਖ਼ਬਰ, ਸੁੱਖ ਸੁਨੇਹੇ ਆਉਣ।

ਪਿਆਰ-ਮੁਹੱਬਤ ਵਿੱਚ ਨਾ, ਆਵੇ ਭੋਰਾ ਤੋਟ।
ਜੋ ਕੁਝ ਵੀ ਹੋ ਲੋਚਦੇ, ਰੱਬ ਕਰੇ ਸਦ ਲੋਟ।

ਜਿਹੜੇ ਪਾਸੇ ਵੀ ਤੁਰੋਂ, ਹੋਵੇ ਜਿੱਤ ਨਸੀਬ।
ਦੋਖੀ ਕੋਈ ਨਾ ਮਿਲੇ, ਮਿਲਣ ਸਦੈਵ ਹਬੀਬ।

ਇਕ ਵੀ ਭੈੜੀ ਪੀੜ ਦਾ, ਭੋਗੋਂ ਨਾ ਸੰਤਾਪ।
ਚੇਤੇ ਰੱਖੋ ਰੱਬ ਨੂੰ, ਨਾ ਭੁੱਲਣ ਮਾਂ-ਬਾਪ।

ਦਿਲ ਦੇ ਵਿੱਚੋਂ ਹੀ ਕਰੋ, ਉਸ ਨੂੰ ਢੇਰ ਪਿਆਰ।
ਜਿਸ ਕੁਦਰਤ ਦੇ ਕਾਰਨੇ, ਸੁੰਦਰ ਇਹ ਸੰਸਾਰ।

ਜਦ ਵੀ ਆਵੇ ਜਨਮ ਦਿਨ, ਲਾਓ ਦੋ ਦੋ ਰੁੱਖ।
ਜੇ ਧਰਤੀ 'ਤੇ ਰੁੱਖ ਨੇ, ਬਚਣਾ ਫੇਰ ਮਨੁੱਖ।

ਜੀਵਨ ਵਿਚ ਹੈ ਜੇ ਕਿਤੇ, ਮੁੱਕੇ ਕਾਲ਼ੀ ਰਾਤ।
ਹੋਵੇ ਸੁਰਖ਼ ਸਵੇਰ ਤੇ ਸੁਖ-ਲੱਧੀ ਪਰਭਾਤ।

ਆਵਣ ਵਾਲੇ ਦੌਰ ਵਿਚ, ਹੋਵਣ ਸੁੱਖ ਨਸੀਬ।
ਉਸ ਨੂੰ ਰੱਖੋ ਸਾਂਭ ਕੇ, ਜੋ ਅਪਣੀ ਤਹਿਜ਼ੀਬ।

ਮਾਂ ਬੋਲੀ ਨੂੰ ਨਾ ਕਿਤੇ, ਜਾਣਾ ਮੂਲੋਂ ਭੁੱਲ।



ਗੁਰੂ ਜਨਾਂ ਦੀ ਦਾਤ ਹੈ, ਡਾਢੀ ਹੀ ਅਨਮੁੱਲ।

ਕੁਦਰਤ ਦਿੱਤੀ ਦਿੱਤ ਹੈ,ਨਿੱਗਰ ਸਭਿਆਚਾਰ।
ਇਸ ਨੂੰ ਅੱਗੇ ਤੋਰ ਕੇ, ਢੇਰ ਕਰੋ ਸਤਿਕਾਰ।

ਦਾਤਾ ਚੰਗੀ ਸਿਹਤ ਦੀ, ਦੇਈ ਰੱਖੇ ਦਾਤ।
ਨਜ਼ਰ ਸਵੱਲੀ ਇਉਂ ਕਰੇ, ਭੁੱਲੇ ਨਾ ਔਕਾਤ।

ਪੂਰੇ ਜੱਗ ਦੀ ਹਰ ਖ਼ੁਸ਼ੀ, ਪਵੇ ਆਪ ਦੀ ਝੋਲ।
ਜੋ ਵੀ ਦਿਲ ਵਿਚ ਤਾਂਘ ਹੈ, ਪੂਰੇ ਹੋਵਣ ਬੋਲ।

ਤੂੰ ਮੇਰੇ ਪ੍ਰਮਾਤਮਾ, ਸਭ ਦਾ ਪਾਲਣਹਾਰ।
ਕਰ ਦੇ ਮਿਹਰ ਹਰੇਕ 'ਤੇ, ਤੂੰ ਦਾਤਾ ਦਾਤਾਰ।

ਕਿਰਤ ਕਰੋ ਦਾ ਫ਼ਲਸਫ਼ਾ,ਦਿੱਤਾ ਬਾਬੇ ਆਪ।
ਕਰਦੇ ਸੁੱਚੀ ਕਿਰਤ ਜੋ, ਨਾ ਭੋਗਣ ਸੰਤਾਪ।

ਦਾਤਾ ਇਸ ਪਰਿਵਾਰ 'ਤੇ, ਨਜ਼ਰ ਸਵੱਲੀ ਰੱਖ।
ਦੋਵੇਂ ਵੇਲੇ ਮੈਂ ਕਰਾਂ, ਸ਼ੁਕਰ ਖ਼ੁਦਾ ਦਾ ਲੱਖ।

ਮੇਰੇ ਪੱਲੇ ਦੇਣ ਨੂੰ, ਬਸ ਇਕ ਪਾਕ-ਆਸੀਸ।
ਆਵੇ ਤੋਟਾ ਨਾ ਕਦੀ, ਰੱਬਾ ! ਕਰ ਬਖ਼ਸ਼ੀਸ਼।

ਭਰੋ ਉਡਾਰੀ ਅੰਬਰੀਂ, ਖੁੱਲ੍ਹਾ ਢੇਰ ਆਕਾਸ਼।
ਦਰ 'ਤੇ ਆਊ ਸਫ਼ਲਤਾ, ਮੇਰਾ ਹੈ ਵਿਸ਼ਵਾਸ।

ਦੌਲਤ, ਸ਼ੁਹਰਤ ਤੇ ਖ਼ੁਸ਼ੀ, ਚੁੰਮੇ ਆ ਕੇ ਪੈਰ।
ਦੋ ਵੇਲੇ ਅਰਦਾਸ ਕਰ, ਮੰਗੋ ਸਭ ਦੀ ਖ਼ੈਰ।

ਚੰਗਾ ਆਵੇ ਹਰ ਵਰ੍ਹੇ, ਲੈ ਕੇ ਸੁਖ ਭਰਪੂਰ।
ਝੋਲੀ ਖ਼ੁਸ਼ੀਆਂ ਪੈਣ ਤੇ ਰਹਿਣ ਬਲਾਵਾਂ ਦੂਰ।

ਸਤਿਗੁਰ ਬਹੁਤ ਬੇਅੰਤ ਹੈ, ਤੱਕੋ ਉਸ ਦੀ ਓਟ।
ਦਾਤਾ ਪਾਵੇ ਬਰਕਤਾਂ, ਰਹਿਣ ਨਾ ਦੇਵੇ ਤੋਟ।

ਰੱਖੇ ਸੱਚਾ ਸਾਹਿਬ ਹੀ, ਸਿਰ ਦੇ ਉੱਤੇ ਹੱਥ।
ਪਰ ਬੰਦਾ ਕੀ ਕਰ ਸਕੇ, ਦਾਤਾ ਹੈ ਸਮਰੱਥ।

ਸ਼ਬਦਾਂ ਦੀ ਇਕ ਮੁੱਠ ਮੈਂ, ਪਾਈ ਤੇਰੀ ਝੋਲ।
ਮਿਹਰ ਕਰੀਂ ਪਰਮਾਤਮਾ, ਪੂਰੇ ਹੋਵਣ ਬੋਲ।

ਸਭ ਜੀਆਂ 'ਤੇ ਤ੍ਰੁੱਠ ਕੇ, ਖ਼ੁਸ਼ ਰੱਖੇ ਕਰਤਾਰ।
ਚੋਗਾ ਹਰ ਇਕ ਚੁੰਝ ਨੂੰ, ਦਾਤਾ ਦੇਵਣਹਾਰ।

ਸੱਚੇ ਅੱਲ੍ਹਾ ਦੇ ਘਰੋਂ,ਚਾਨਣ-ਰਿਸ਼ਮਾਂ ਆਉਣ।
ਜੋ ਥੋੜੇ ਘਰ ਬਾਰ ਦੇ, ਮੱਥੇ ਨੂੰ ਰੁਸ਼ਨਾਉਣ।

ਮਨ ਮੇਰੇ ਦੀ ਕਾਮਨਾ, ਦਿਲ ਦੀ ਸੁੱਚੀ ਸੋਚ।
ਬਰ ਆਵੇ ਪਰਮਾਤਮਾ, ਜਿਹੜੀ ਲੋਚੋਂ ਲੋਚ।

ਅਪਣੇ ਵੱਲੋਂ ਸੱਜਣੋ, ਭੇਜਾਂ ਸੁੱਚਾ ਪਿਆਰ।
ਲੈ ਕੇ ਡਾਢੀ ਹੀ ਖ਼ੁਸ਼ੀ, ਆਵੇ ਬਾਰ-ਮ-ਬਾਰ।

ਲੰਘੇ ਸੌਖੀ ਜ਼ਿੰਦਗੀ, ਦੁੱਖ ਨ ਆਵੇ ਪਾਸ।
ਮਾਣੋ ਮੌਜ ਮੁਹੱਬਤਾਂ, 'ਸੂਫ਼ੀ' ਦੀ ਅਰਦਾਸ।

**ਸੰਪ: 98555-43660.**







### ਮੁਬਾਰਕਬਾਦ ਅਤੇ ਸ਼ੁਭ ਕਾਮਨਾਵਾਂ

ਆਈ ਆਈ ਟੀ ਵਿੱਚ ਦਾਖ਼ਲ ਹੋਣ ਦੀ ,
ਮਿਹਨਤ ਰੰਗ ਲਿਆਈ ।
ਕੰਪਿਊਟਰ ਸਾਇੰਸ ਵਿਸ਼ੇ 'ਚੋਂ ਬੀ ਟੈੱਕ ,
ਦੀ ਅੱਜ ਡਿਗਰੀ ਪਾਈ ।
ਧੰਨ ਹਨ ਉਹ ਮਾਪੇ ਜਿਸ ਘਰ ਐਸੀ ,
ਧੀ ਹੈ ਜੰਮੀ ਜਾਈ ।
ਆਇਸ਼ਲ ਗੁਪਤਾ ਨਾਲ ਨਾਨਾ ਨਾਨੀ ,
ਨੂੰ ਵੀ ਹੋਵੇ ਵਧਾਈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਮਿੱਤਰ ਸੈਨ ਮੀਤ (ਕਾਨੂੰਨੀ ਬਾਈ) ਜੀ ਦੀ ਬੇਟੀ ਨੇ ਬਹੁਤ ਉੱਚੀ ਪਲਾਂਗ ਪੁੱਟੀ ਹੈ ਸਮਾਜ ਵੀਕਲੀ ਅਖਬਾਰ ਵੱਲੋਂ ਲੱਖ ਲੱਖ ਮੁਬਾਰਕਾਂ।

# ਰਿਸ਼ਵਤ ਦੀ ਮੰਗ ਕਰਨ ਵਾਲੇ ਥਾਣੇਦਾਰ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਤਹਿਤ ਤੁਰੰਤ ਐਫ ਆਈ ਆਰ ਦਰਜ ਹੋਵੇ : ਬੇਗਮਪੁਰਾ ਟਾਈਗਰ ਫੋਰਸ

## ਜਨਾਬ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਨ ਨਾਲ ਰਿਸਵਤਖੋਰੀ ਖਤਮ ਨਹੀਂ ਹੋਵੇਗੀ : ਬੀਰਪਾਲ, ਹੈਪੀ, ਸਤੀਸ਼, ਬੰਟੀ

**ਹੁਸਿਆਰਪੁਰ, (ਤਰਸੇਮ ਦੀਵਾਨਾ)** – ਪਹਿਲਾਂ ਪਿਓ ਨੂੰ ਝੂਠੇ ਕੇਸ ਵਿਚ ਫਸਾ ਕੇ ਮਾਮਲਾ ਦਰਜ ਕਰਕੇ ਵਿਦੇਸ਼ ਬੈਠੇ ਪੁੱਤ ਨੂੰ ਝੂਠੇ ਕੇਸ ਵਿਚ ਫਸਾ ਕੇ ਦੋ ਲੱਖ ਰੁਪਏ ਮੰਗਣ ਵਾਲੇ ਹੁਸ਼ਿਆਰਪੁਰ ਦੇ ਥਾਣੇਦਾਰ ਦੀ ਆਡੀਓ ਰਿਕਾਰਡਿੰਗ ਵਾਇਰਲ ਹੋਣ ਤੋਂ ਬਾਅਦ ਡੀ ਐਸ ਪੀ ਸੀ ਨੇ ਉਸ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਕੇ ਮਾਮਲੇ ਦੀ ਭਾਵੇਂ ਪੜਤਾਲ ਸ਼ੁਰੂ ਕਰ ਦਿੱਤੀ ਹੈ, ਪਰ ਉਸ ਭ੍ਰਿਸਟ ਥਾਣੇਦਾਰ ਖਿਲਾਫ ਰਿਸ਼ਵਤ ਮੰਗਣ ਦਾ ਪਰਚਾ ਦਰਜ ਕਰਕੇ ਸਲਾਖਾ ਪਿੱਛੇ ਸੁੱਟਣਾ ਚਾਹੀਦਾ ਹੈ। ਇਹ ਵਿਚਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਤੇ ਅਨਿਲ ਕੁਮਾਰ ਬੰਟੀ ਪ੍ਰਧਾਨ ਹਲਕਾ ਹਰਿਆਣਾ ਭੂੰਗਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਜਦੋਂ ਅਮਰੀਕਾ ਵਿਚ ਬੈਠੇ ਇੱਕ ਨੌਜਵਾਨ ਵਲੋਂ ਥਾਣਾ ਫੋਕਲ ਪੁਆਇੰਟ ਪੁਰਹੀਰਾ ਦੇ ਏ ਐਸ ਆਈ ਦੀਆਂ ਚਾਰ ਆਡੀਓ ਕਮ ਵੀਡੀਓ ਰਿਕਾਰਡਿੰਗ ਵਾਇਰਲ ਕੀਤੀਆਂ ਤਾਂ ਜਿਲ੍ਹਾ ਪੁਲਿਸ ਪ੍ਰਸ਼ਾਸਨ ਵਿਚ ਭੁਚਾਲ ਆ ਗਿਆ। ਉਹਨਾ ਕਿਹਾ ਕਿ ਅਮਰੀਕਾ ਬੈਠੇ ਨੌਜਵਾਨ ਅਕਾਸ਼ ਨੇ ਪੱਤਰਕਾਰਾਂ ਅਤੇ ਜਿਲ੍ਹਾ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਰਿਕਾਰਡਿੰਗ ਦੀਆਂ ਵੀਡੀਓ ਭੇਜ ਕੇ ਖ਼ੁਦ ਵੀ



ਅਮਰੀਕਾ ਤੋਂ ਵੀਡੀਓ ਜਾਰੀ ਕਰਕੇ ਦੋਸ਼ ਲਗਾਇਆ ਕਿ ਥਾਣਾ ਫੋਕਲ ਪੁਆਇੰਟ ਪੁਰਹੀਰਾ ਦੇ ਥਾਣੇਦਾਰ ਅਮਰਜੀਤ ਸਿੰਘ ਨੇ ਕੁੱਝ ਦਿਨ ਪਹਿਲਾਂ ਉਸ ਦੇ ਹੁਸ਼ਿਆਰਪੁਰ ਬੈਠੇ ਪਿਤਾ ਨੂੰ ਇੱਕ ਝੂਠੇ ਕੇਸ ਵਿਚ ਫਸਾ ਦਿੱਤਾ ਸੀ ਅਤੇ ਅਮਰੀਕਾ ਬੈਠੇ ਅਕਾਸ਼ ਨੂੰ ਵਟਸਐਪ 'ਤੇ ਫੋਨ ਕਰਨੇ ਸ਼ੁਰੂ ਕਰ ਦਿੱਤੇ ! ਉਕਤ ਥਾਣੇਦਾਰ ਨੇ ਅਕਾਸ਼ ਨੂੰ ਦੋ ਝੂਠੇ ਮਾਮਲਿਆ ਵਿੱਚ ਸ਼ਾਮਲ ਕਰਨ ਦਾ ਡਰਾਵਾ ਦੇਣਾ ਸ਼ੁਰੂ ਕਰ ਦਿੱਤਾ ਅਤੇ ਰਿਸ਼ਵਤ ਦੇ ਤੌਰ ਤੇ ਅਮਰੀਕਾ ਬੈਠੇ ਅਕਾਸ਼ ਕੋਲੋ ਦੋ ਲੱਖ ਰੁਪਏ ਮੰਗਣੇ ਸ਼ੁਰੂ ਕਰ ਦਿੱਤੇ ਅਤੇ ਉਸ ਤੋਂ ਇਲਾਵਾ ਥਾਣੇ ਦੇ ਮੁਖੀ ਲਈ ਵੀ ਅੱਡ ਤੋਂ ਪੈਸੇ ਮੰਗਣੇ ਸ਼ੁਰੂ ਕਰ ਦਿੱਤੇ। ਉਹਨਾ ਕਿਹਾ ਕਿ ਜਦੋਂ ਉਕਤ ਵਿਅਕਤੀ ਨੇ ਪੈਸੇ ਜਿਆਦਾ ਹੋਣ ਦੀ ਗੱਲ ਕਹੀ ਤਾਂ ਥਾਣੇਦਾਰ ਖ਼ਫਾ ਹੋ ਗਿਆ। ਉਹਨਾਂ ਕਿਹਾ ਕਿ ਆਡੀਓ ਦੇ ਮੁਤਾਬਿਕ ਉਕਤ ਵਿਅਕਤੀ ਦੋ ਸਾਲ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ ਉਹਨਾਂ ਕਿਹਾ ਕਿ ਥਾਣੇਦਾਰ ਵਲੋਂ ਉਸ ਦੇ ਪਿਤਾ ਵਿਰੁੱਧ ਵੀ ਦਰਜ ਕੀਤਾ ਮਾਮਲਾ ਝੂਠਾ ਹੈ। ਬੇਗਮਪੁਰਾ ਟਾਈਗਰ ਫੋਰਸ ਨੇ ਮੰਗ ਕੀਤੀ ਕਿ ਥਾਣੇਦਾਰ ਵਿਰੁੱਧ ਤੁਰੰਤ ਭ੍ਰਿਸਟਾਚਾਰ ਦੇ ਤਹਿਤ ਕਾਰਵਾਈ ਕੀਤੀ ਜਾਵੇ ਅਤੇ ਉਸ ਵਿਰੁੱਧ ਪਰਚਾ ਦਰਜ ਕਰ ਕੇ ਝੂਠੀ ਕੀਤੀ ਐਫ ਆਈ ਆਰ ਨੂੰ ਤੁਰੰਤ ਛਾਣਬੀਣ ਕੀਤੀ ਜਾਵੇ । ਇਸ ਸਬੰਧੀ ਡੀ ਐਸ ਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਇਹ ਮਾਮਲਾ ਆਇਆ ਅਤੇ ਮਾਮਲੇ ਦੀ ਗੰਭੀਰਤਾ ਨੂੰ ਦੇਖ਼ਦੇ -ਹੋਏ ਥਾਣੇਦਾਰ ਅਮਰਜੀਤ ਸਿੰਘ ਨੂੰ ਪੁਲਿਸ ਲਾਈਨ ਹਾਜ਼ਰ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਪੜਤਾਲ ਲਈ ਆਡੀਓ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਜਲਦ ਕਾਰਵਾਈ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਕਥਿਤ ਦੋਸ਼ੀ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਨ ਨਾਲ ਰਿਸਵਤਖੋਰੀ ਖਤਮ ਨਹੀਂ ਹੋਵੇਗੀ. ਉਨ੍ਹਾਂ ਨੇ ਮੰਗ ਕੀਤੀ ਕਿ ਥਾਣੇਦਾਰ ਖਿਲਾਫ ਰਿਸ਼ਵਤ ਮੰਗਣ ਲਈ ਪਰਚਾ ਦਰਜ ਕਰਕੇ ਸਖਤ ਤੋਂ ਸਜਾ ਦਿੱਤੀ ਜਾਵੇ ਤਾਂ ਜੋ ਰਿਸ਼ਵਤ ਮੰਗਣ ਵਾਲਿਆਂ ਨੂੰ ਨਸੀਹਤ ਮਿਲ ਸਕੇ !

**ਫੋਟੋ ਅਜਮੇਰ ਦੀਵਾਨਾ**

# ਪੇਂਡੂ ਕਿਰਤੀ ਪਰਿਵਾਰਾਂ ਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਦਿੱਤਾ ਮੰਗ ਪੱਤਰ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਦਿਹਾਤੀ ਮਜਦੂਰ ਸਭਾ ਵੱਲੋਂ ਬੇਜ਼ਮੀਨੇ ਸਾਧਨਹੀਨ ਪੇਂਡੂ ਕਿਰਤੀ ਪਰਿਵਾਰਾਂ ਦੀਆਂ ਭਖਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਸੰਬੰਧੀ ਇੱਕ ਮੰਗ ਪੱਧਰ ਸਹਾਇਕ ਡਿਪਟੀ ਕਮਿਸ਼ਨਰ ਨੂੰ ਦਿੱਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸਭਾ ਦੇ ਜ਼ਿਲ੍ਹਾ ਜਨਰਲ ਸੈਕਟਰੀ ਮਲਕੀਤ ਸਿੰਘ, ਸਕੱਤਰ ਨਿਰਮਲ ਸਿੰਘ, ਸੀਟੀਯੂ ਪੰਜਾਬ ਦੇ ਜ਼ਿਲ੍ਹਾ ਜਨਰਲ ਸਕੱਤਰ ਕਾ.ਜਗਦੀਸ਼ ਚੰਦ, ਸੀਟੀਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ.ਪਰਮਜੀਤ ਸਿੰਘ ਨੇ ਕਿਹਾ ਕਿ ਸੂਬੇ ਦੀ ਗੂੰਗੀ, ਬੋਲੀ ਅਤੇ ਝੂਠੀ ਸਰਕਾਰ ਨੂੰ ਜਗਾਉਣ ਅਤੇ ਅਪਣੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਸਹਾਇਕ ਡਿਪਟੀ ਕਮਿਸ਼ਨਰ ਰਾਹੀਂ ਇੱਕ ਮੰਗ ਪੱਤਰ



ਪੰਜਾਬ ਸਰਕਾਰ ਨੂੰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਗਾਂ ਵਿੱਚ ਪੰਜਾਬ ਅੰਦਰ ਹੜ੍ਹਾਂ ਅਤੇ ਬਰਸਾਤ ਨਾਲ ਹੋਏ ਭਾਰੀ ਨੁਕਸਾਨ ਦੀ ਭਰਪਾਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਯੋਗ ਮੁਆਵਜ਼ਾ ਦਿੱਤਾ ਜਾਵੇ, ਮਨਰੇਗਾ ਕਾਨੂੰਨ ਅਧੀਨ ਸਾਰੇ ਕਿਰਤੀ ਪਰਿਵਾਰਾਂ ਦੇ ਸਮੁੱਚੇ ਜੀਆਂ ਨੂੰ ਘੱਟੋ ਘੱਟ 700 ਰੁਪਏ ਦਿਹਾੜੀ ਨਾਲ ਪੂਰਾ ਸਾਲ ਕੰਮ ਦਿੱਤਾ ਜਾਵੇ, ਬੇਘਰੇ, ਲੋੜਵੰਦਾਂ ਨੂੰ ਪਿੰਡ ਅੰਦਰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਤੇ ਮਕਾਨ ਬਣਾਉਣ ਲਈ ਘੱਟੋ ਘੱਟ 5-5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾਵੇ ਆਦਿ ਮੁੱਖ ਮੰਗਾਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਪੂਰੀਆਂ ਕਰਨ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਕਾ.ਬਲਰਾਮ, ਕਾ.ਤਹਿਸੀਲਦਾਰ, ਕਿਸਾਨ ਆਗੂ ਰਘਬੀਰ ਸਿੰਘ, ਅਮਰਜੀਤ ਸਿੰਘ ਮੱਟੂ, ਅਜੀਤ ਕੁਮਾਰ, ਭੋਲਾ ਯਾਦਵ, ਚਮਨ ਲਾਲ, ਮੁਖਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

# ਬਲਾਕ ਪੱਧਰੀ ਪ੍ਰੀ ਪ੍ਰਾਇਮਰੀ ਅਧਿਆਪਕਾਂ ਦੀ ਤਿੰਨ ਰੋਜਾ ਟ੍ਰੇਨਿੰਗ ਕਮ ਵਰਕਸ਼ਾਪ ਸਮਾਪਤ

**ਨਵਾਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ )** ਬਲਾਕ ਪੱਧਰੀ ਪ੍ਰੀ ਪ੍ਰਾਇਮਰੀ ਦੇ ਅਧਿਆਪਕਾਂ ਦੀ 3 ਰੋਜਾ ਟ੍ਰੇਨਿੰਗ ਕਮ ਵਰਕਸ਼ਾਪ ਸਰਕਾਰੀ ਪ੍ਰਾਇਮਰੀ ਸਕੂਲ ਭਰਥਲਾ ਵਿਖੇ ਸਮਾਪਤ ਹੋ ਗਈ ਲ ਟ੍ਰੇਨਿੰਗ ਦੇ ਆਖਰੀ ਦਿਨ ਬਲਾਕ ਨੋਡਲ ਅਫ਼ਸਰ ਗਿਆਨ ਸਿੰਘ ਕਟਾਰੀਆ, ਬਲਾਕ ਰਿਸੋਰਸ ਪਰਸਨ ਚਰਨਜੀਤ ਸਿੰਘ ਸਿਆਣ, ਅਤੇ ਹਰਜੀਤ ਸਿੰਘ ਸਹੋਤਾ ਵਲੋਂ ਅਧਿਆਪਕਾਂ ਨੂੰ ਬੱਚਿਆਂ ਦੀ ਸਿਹਤ ਸਬੰਧੀ ਜਾਣਕਾਰੀ ਦਿੰਦਿਆਂ ਦਸਿਆ ਕਿ ਜ਼ੇਕਰ ਬੱਚਾ ਤੰਦਰੁਸਤ ਹੋਵੇਗਾ ਤਾਂ ਹੀ ਉਸਦੀ ਵਧੀਆ ਢੰਗ ਨਾਲ ਪਰਵਰਿਸ਼ ਹੋ ਸਕਦੀ ਹੈ ਲ ਬੱਚਿਆਂ ਨੂੰ ਖਾਣਾ ਖਾਣ ਤੋਂ ਪਹਿਲਾ ਦੀ ਸਫਾਈ ਵਾਰੇ ਦੱਸਣਾ ਜਰੂਰੀ ਹੈ ਕਿਓਂਕਿ ਜਿਆਦਾਤਰ ਬੱਚੇ ਮਿੱਟੀ ਘਟੇ ਵਿੱਚ ਖੇਡਦੇ ਹਨ ਅਤੇ ਉਹ ਉਹਨਾਂ ਗੰਦੇ ਹੱਥਾਂ ਨਾਲ ਹੀ ਖਾਣਾ ਖਾਣ ਲੱਗ ਜਾਂਦੇ ਹਨ ਲ ਜਿਸ ਕਰਕੇ ਬਹੁਤ ਸਾਰੇ ਕੀਟਾਣੂ ਬੱਚੇ ਦੇ ਪੇਟ ਵਿੱਚ ਚਲੇ ਜਾਂਦੇ ਹਨ ਜਿਸ ਕਰਕੇ ਬੱਚਾ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦਾ ਹੈ ਇਸ ਤਰਾਂ ਬੱਚਿਆਂ ਨੂੰ ਆਪਣੇ ਸਰੀਰ ਅਤੇ ਆਲੇ ਦੁਆਲੇ ਦੀ ਸਫਾਈ ਸਬੰਧੀ ਜਾਣਕਾਰੀ ਦੇਣੀ ਬਹੁਤ ਜਰੂਰੀ ਹੈ ਲ ਸਰੀਰਕ,ਬੋਧਿਕ, ਭਾਸ਼ਾਈ, ਸਮਾਜਿਕ, ਭਾਵਨਾਤਮਕ, ਸੁਹਜ ਅਤੇ ਸਭਿਚਾਰਕ ਵਿਕਾਸ ਵਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਲ ਇਸ ਮੌਕੇ ਸੀ ਐਚ





ਟੀ ਅਮਨਦੀਪ ਸਿੰਘ ਕਲੇਰ, ਕਮਲਦੀਪ, ਪਰਮਿੰਦਰ ਸਿੰਘ ਕਟਾਰੀਆ, ਅਜੇਪਾਲ, ਨਰੇਸ਼ ਕੁਮਾਰ, ਸੁਨੀਲ ਕੁਮਾਰ, ਦਵਿੰਦਰ ਕੁਮਾਰ ਬਾਂਠ, ਨਵੀਨ ਕੁਮਾਰ, ਓਂਕਾਰ ਹਰਪ੍ਰੀਤ,ਸੋਹਣ ਲਾਲ,ਰਾਮ ਕੁਮਾਰ, ਵਿਪਨ ਕੁਮਾਰ, ਜਸਵਿੰਦਰ ਸਿੰਘ, ਪ੍ਰਥਮ ਤੋਂ ਮੈਡਮ ਮੰਜੂ,ਇੰਦਰਜੀਤ ਕੌਰ,ਸੁਨੀਤਾ ਦੇਵੀ, ਕੁਲਜੀਤ ਕੌਰ, ਅਮਨਦੀਪ ਕੌਰ, ਯਾਦਵਿੰਦਰ ਕੌਰ,ਸਿਮਰਨ ਮਿਗਲਾਨੀ,ਨਵਦੀਪ ਕੌਰ, ਰਿਮਪੀ, ਰੀਚਾ ਸ਼ਰਮਾ, ਕਿਰਨਦੀਪ ਕੌਰ,ਰਾਖੀ ਕਟਾਰੀਆ, ਕਮਲੇਸ਼ ਕੁਮਾਰੀ,ਅਮਨਦੀਪ ਕੌਰ ਤੋਂ ਇਲਾਵਾ ਹੋਰ ਵੀ ਅਧਿਆਪਕ ਹਾਜਰ ਸਨ ।

# ਨੋਡਲ ਅਫਸਰ ਵੱਲੋਂ ਨਗਰ ਕੌਂਸਲ ਦਫਤਰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਹੰਗਾਮੀ ਮੀਟਿੰਗ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਦੇ ਸਬੰਧ ਵਿੱਚ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਗੁਰੂ ਨਗਰੀ ਨੂੰ ਸਾਫ ਸੁਥਰਾ ਰੱਖਣ ਲਈ ਪੂਰੀ ਤਰ੍ਹਾਂ ਪੱਬਾਂ ਭਾਰ ਹੋ ਗਈ ਹੈ। ਇਸ ਸਬੰਧੀ ਵਿਸ਼ੇਸ਼ ਡਿਊਟੀ ਤੇ ਤਾਇਨਾਤ ਨੋਡਲ ਅਫਸਰ ਡਾਕਟਰ ਸੰਜੀਵ ਕੁਮਾਰ ਨੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਦਫਤਰ ਵਿਖੇ ਸੰਗੀਤ ਕੁਮਾਰ ਕਾਰਜ ਸਾਧਕ ਅਫਸਰ ਸ੍ਰੀ ਅਨੰਦਪੁਰ ਸਾਹਿਬ ਅਤੇ ਸੈਨੇਟਰੀ ਸੁਪਰਡੈਂਟ ਤੇ ਸੈਨੇਟਰੀ ਇੰਸਪੈਕਟਰਾਂ ਨਾਲ ਹੰਗਾਮੀ ਮੀਟਿੰਗ ਕੀਤੀ।

ਸਮਾਜ ਵੀਕਲੀ ਨਿਊਜ਼

ਮੀਟਿੰਗ ਦੇ ਬਾਅਦ ਨੋਡਲ ਅਫਸਰ ਡਾਕਟਰ ਸੰਜੀਵ ਕੁਮਾਰ ਨੇ ਦੱਸਿਆ ਕਿ 350 ਸਾਲਾ ਸ਼ਹੀਦੀ ਪੂਰਬ ਨੂੰ ਲੈ ਕੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੀ ਸਫਾਈ ਮੁਹਿੰਮ ਦੀ ਵੱਡੀ ਜਿੰਮੇਵਾਰੀ ਹੈ ਜਿਸ ਦੇ ਚਲਦਿਆਂ ਨਗਰ ਕੌਂਸਲ ਵੱਲੋਂ ਸਾਫ ਸਫਾਈ ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ, ਵੱਖ-ਵੱਖ ਨਗਰ ਨਿਗਮਾਂ, ਨਗਰ ਕੌਂਸਲਾਂ ਤੋਂ ਕਾਰਜ ਸਾਧਕ ਅਫਸਰ, ਸੈਨੇਟਰੀ ਇੰਸਪੈਕਟਰ,ਸੀਵਰਮੈਨ ਅਤੇ ਲਗਭਗ 200 ਸਫਾਈ ਸੇਵਕ ਸਮਾਨ ਸਮੇਤ ਪਹੁੰਚ ਗਏ ਹਨ।



ਉਹਨਾਂ ਦੱਸਿਆ ਕਿ ਸ਼ਹਿਰ ਦੀ ਸਫਾਈ ਲਈ ਰੂਪ ਰੇਖਾ ਤਿਆਰ ਕਰ ਲਈ ਗਈ ਹੈ ਅਤੇ ਸ਼ਹਿਰ ਨੂੰ 10 ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਲਗਭਗ 21 ਟੀਮਾਂ ਪੂਰੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਪੂਰੀ ਮਿਹਨਤ ਨਾਲ ਕੰਮ ਕਰ ਰਹੀਆਂ ਹਨ ਜੋ ਕਿ ਸ਼ਹੀਦੀ ਪੂਰਬ ਸਮਾਗਮਾਂ ਤੋਂ ਪਹਿਲਾਂ ਸ਼ਹਿਰ ਦੀ ਪੂਰੀ ਤਰ੍ਹਾਂ ਸਾਫ਼ ਸਫਾਈ ਕਰ ਦੇਣਗੀਆਂ।

ਡਾਕਟਰ ਸੰਜੀਵ ਕੁਮਾਰ ਨੇ ਸ਼ਹਿਰ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਰ ਦਾ ਕੂੜਾ ਕਰਕਟ ਸਿਰਫ ਤੇ ਸਿਰਫ ਕੂੜੇਦਾਨਾਂ ਵਿੱਚ ਹੀ ਪਾਇਆ ਜਾਵੇ।ਉਹਨਾਂ ਕਿਹਾ ਕਿ ਕਿਸੇ ਵੀ ਕਿਸਮ ਦਾ ਕੂੜਾ ਕਰਕਟ ਗਲੀ ਮਹੱਲਿਆਂ ਵਿੱਚ ਨਾ ਸੁੱਟਿਆ ਜਾਵੇ। ਜੇਕਰ ਸ਼ਹਿਰ ਦੀ ਚੰਗੀ ਸਫਾਈ ਹੋਵੇਗੀ ਤਾਂ ਹੀ ਦੂਰ ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਵਾਸੀਆਂ ਦੀ ਇੱਕ ਚੰਗੀ ਪਹਿਚਾਣ ਲੈ ਕੇ ਜਾਣਗੀਆਂ।

ਜ਼ਿਕਰਯੋਗ ਹੈ ਕਿ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਵੀ ਸ਼ਹਿਰ ਦੀ ਸਾਫ ਸਫਾਈ ਨੂੰ ਲੈ ਕੇ ਕਾਫੀ ਸੁਚੇਤ ਹਨ ਅਤੇ ਉਨਾਂ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੀਆਂ ਵੱਖ-ਵੱਖ ਟੀਮਾਂ ਲਗਾਤਾਰ ਸ਼ਹਿਰ ਦੀ ਸਾਫ ਸਫਾਈ ਲਈ ਲਗਾ ਰੱਖੀਆਂ ਹਨ। ਇਸ ਮੌਕੇ ਮੁਕੇਸ਼ ਸ਼ਰਮਾ ਸੈਨੇਟਰੀ ਸੁਪਰਡੈਂਟ ਨੰਗਲ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਐਡਵੋਕੇਟ ਮਨਦੀਪ ਸਿੰਘ ਸੀ.ਐਫ, ਹਰਦਰਸ਼ਨ ਸਿੰਘ ਸੈਨੇਟਰੀ ਇੰਸਪੈਕਟਰ, ਰਜਿੰਦਰ ਕੁਮਾਰ ਸੈਨੇਟਰੀ ਇੰਸਪੈਕਟਰ, ਮਲਕੀਤ ਸਿੰਘ , ਸੰਜੋਗਤਾ ਸੈਨੇਟਰੀ ਇੰਸਪੈਕਟਰ, ਹਰਪ੍ਰੀਤ ਸਿੰਘ ਸੈਨੇਟਰੀ ਇੰਸਪੈਕਟਰ, ਬੰਟੀ ਸਹੋਤਾ ਸੈਨੇਟਰੀ ਇੰਸਪੈਕਟਰ, ਹੇਮਰਾਜ ਸੈਨੇਟਰੀ ਇੰਸਪੈਕਟਰ, ਸੌਰਵ ਕੁਮਾਰ ਸੈਨੇਟਰੀ ਇੰਸਪੈਕਟਰ, ਵਰਿੰਦਰ ਸਿੰਘ ਸੈਨੇਟਰੀ ਇੰਸਪੈਕਟਰ, ਰਘਵੀਰ ਸਿੰਘ ਸੈਨੇਟਰੀ ਇੰਸਪੈਕਟਰ, ਸੰਗੀਤ ਕੁਮਾਰ ਕਾਰਜ ਸਾਧਕ ਅਫਸਰ ਆਦਿ ਹਾਜਰ ਸਨ।

# ਟੋਨੀ ਅਰੋੜਾ ਵੱਲੋਂ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਤਲਵਾੜ ਸਨਮਾਨਿਤ



**ਲੁਧਿਆਣਾ ਕਾਂਗਰਸ ਦੇ ਬਣੇ ਪ੍ਰਧਾਨ ਸੰਜੇ ਤਲਵਾੜ ਨੂੰ ਸਨਮਾਨਿਤ ਕਰਦੇ ਤਲਵਿੰਦਰ ਸਿੰਘ ( ਟੋਨੀ ਅਰੋੜਾ ) ਅਤੇ ਸਾਥੀ।**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜ਼ਿਲ੍ਹਾ ਕਾਂਗਰਸ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਸੰਜੇ ਤਲਵਾੜ ਨੂੰ ਇੱਕ ਵਾਰ ਫਿਰ ਜ਼ਿਲ੍ਹਾ ਪ੍ਰਧਾਨ ਬਨਾਉਣ ਤੇ ਹਲਕਾ ਆਤਮ ਨਗਰ ਬਲਾਕ - 1 ਦੇ ਪ੍ਰਧਾਨ ਤਲਵਿੰਦਰ ਸਿੰਘ ਟੋਨੀ ਅਰੋੜਾ ਨੇ ਜਿੱਥੇ ਪਾਰਟੀ ਹਾਈਕਮਾਨ ਸ਼੍ਰੀਮਤੀ ਸੋਨੀਆ ਗਾਂਧੀ, ਮਲਿਕਾ ਅਰਜੁਨ ਖੜਗੇ , ਰਾਹੁਲ ਗਾਂਧੀ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਧੰਨਵਾਦ ਕੀਤਾ , ਉਥੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਵਧਾਈ ਦਿੰਦਿਆਂ ਕਿਹਾ ਕਿ ਤਲਵਾੜ ਦੇ ਇੱਕ ਵਾਰ ਫਿਰ ਪ੍ਰਧਾਨ ਬਣਨ ਤੇ ਲੁਧਿਆਣਾ ਵਿੱਚ ਕਾਂਗਰਸ ਹੋਰ ਮਜ਼ਬੂਤ ਹੋਵੇਗੀ, ਅਤੇ ਆਉਂਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੁਧਿਆਣਾ ਜ਼ਿਲ੍ਹੇ ਦੀਆਂ ਸ਼ਹਿਰੀ ਸੀਟਾਂ ਤੇ ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ ਙ ਇਸ ਮੌਕੇ ਟੋਨੀ ਅਰੋੜਾ ਅਤੇ ਸਾਥੀਆਂ ਵੱਲੋਂ ਸੰਜੇ ਤਲਵਾੜ ਨੂੰ ਸਨਮਾਨਿਤ ਵੀ ਕੀਤਾ ਗਿਆ ਙ ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਲੁਧਿਆਣਾ, ਪਾਰਿਕ ਸ਼ਰਮਾ, ਪ੍ਰਧਾਨ ਬਲਦੇਵ ਸਿੰਘ, ਦਵਿੰਦਰ ਕਿੰਨੁ, ਜਤਿੰਦਰ ਸਿੰਘ ਪੰਧੇਰ , ਕੁਲਵਿੰਦਰ ਸਿੰਘ ਰਸ਼ੀਨ, ਦੀਪੂ ਸ਼ਰਮਾ, ਨਵੀਨ ਨਾਗ-ਪਾਲ, ਬਲਾਕ ਮੀਡਿਆ ਇੰਚਾਰਜ ਰਾਜਿੰਦਰ ਸਿੰਘ ( ਬੰਟੀ ਅਰੋੜਾ ) ਆਦਿ ਹਾਜ਼ਰ ਸਨ ।

ਸਮਾਜ ਵੀਕਲੀ ਨਿਊਜ਼

# 9ਵੀਂ ਗੁਰੂ ਗੋਬਿੰਦ ਸਿੰਘ ਜੂਨੀਅਰ ਹਾਕੀ ਚੈਂਪੀਅਨਸ਼ਿਪ 1, 2 ਅਤੇ 3 ਦਸੰਬਰ ਨੂੰ ਪੀ. ਏ. ਯੂ. ਲੁਧਿਆਣਾ ਵਿਖੇ, ਕੁੱਲ 18 ਟੀਮਾਂ ਲੈਣਗੀਆਂ ਹਿੱਸਾ



**ਲੁਧਿਆਣਾ ਸਪੋਰਟਸਮੈਨ ਵੈਲਫੇਅਰ ਐਸੋਸੀਏਸ਼ਨ ਦੇ ਸਰਪਰਸਤ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਪ੍ਰਧਾਨ ਅਮਰੀਕ ਸਿੰਘ ਮਿਨਹਾਸ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦੇ ਹੋਏ।**

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ. )** ਲੁਧਿਆਣਾ ਸਪੋਰਟਸਮੈਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੰਜਾਬ ਖੇਡ ਵਿਭਾਗ ਦੇ ਸਹਿਯੋਗ ਨਾਲ 9ਵੀਂ ਗੁਰੂ ਗੋਬਿੰਦ ਸਿੰਘ ਸਬ ਜੂਨੀਅਰ ਅਤੇ ਜੂਨੀਅਰ ਹਾਕੀ ਚੈਂਪੀਅਨਸ਼ਿਪ 1, 2 ਅਤੇ 3 ਦਸੰਬਰ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਪੀ.ਏ.ਯੂ ਵਿਖੇ ਕਰਵਾਈ ਜਾਵੇਗੀ। ਐਸੋਸੀਏਸ਼ਨ ਦੇ ਸਰਪ੍ਰਸਤ ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ ਪ੍ਰਧਾਨ, ਸਾਬਕਾ ਕੌਮੀ ਹਾਕੀ ਖਿਡਾਰੀ ਅਮਰੀਕ ਸਿੰਘ ਮਿਨਹਾਸ , ਖੇਡ ਪ੍ਰਮੋਟਰ, ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਲੁਧਿਆਣਾ ਵਿਖੇ ਇੱਕ ਦਹਾਕਾ ਪਹਿਲਾਂ ਆਲ ਇੰਡੀਆ ਪੱਧਰ ਦਾ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਹਾਕੀ ਟੂਰਨਾਮੈਂਟ ਹੁੰਦਾ ਸੀ ਸਾਡਾ ਟੀਚਾ ਸੀ ਕਿ ਆਲ ਇੰਡੀਆ ਪੱਧਰ ਦੇ 8 ਟੂਰਨਾਮੈਂਟ ਕਰਵਾਏ ਸਨ ਪਰ ਕੁਝ ਕਾਰਨਾਂ ਕਰਕੇ ਉਸ ਟੂਰਨਾਮੈਂਟ ਵਿੱਚ ਖੜੋਤ ਆ ਗਈ ਸੀ। ਪਰ ਹੁਣ ਗਰਾਸ ਰੂਟ ਤੇ ਹਾਕੀ ਨੂੰ ਮਜ਼ਬੂਤ ਕਰਨ ਲਈ ਨੌਵੀਂ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ ਸਬ ਜੂਨੀਅਰ ਅਤੇ ਜੂਨੀਅਰ ਮੁਕਾਬਲਿਆਂ ਦੇ ਰੂਪ ਵਿੱਚ ਕਰਵਾਈ ਜਾਵੇਗੀ । ਇਸ ਚੈਂਪੀਅਨਸ਼ਿਪ ਵਿੱਚ ਅੰਡਰ 17 ਸਾਲ ਲੜਕੀਆਂ ਦੇ ਮੁਕਾ-ਬਲੇ, ਅੰਡਰ 19 ਸਾਲ ਮੁੰਡਿਆਂ ਦੇ ਮੁਕਾਬਲੇ ਅਤੇ ਅੰਡਰ 16 ਸਾਲ ਸਬ ਜੂਨੀਅਰ ਮੁੰਡਿਆਂ ਦੇ ਹਾਕੀ ਮੁਕਾਬਲੇ ਕਰਵਾਏ ਜਾਣਗੇ । ਕੁਲ 18 ਟੀਮਾਂ ਇਸ ਚੈਂਪੀਅਨਸ਼ਿਪ ਦੇ ਵਿੱਚ ਖੇਡਣਗੀਆਂ । ਹਰ ਵਰਗ ਵਿੱਚ 6-6 ਟੀਮਾਂ ਨੂੰ ਐਂਟਰੀ ਦਿੱਤੀ ਜਾਵੇਗੀ । ਇਹ ਚੈਂਪੀਅਨਸ਼ਿਪ ਲੀਗ ਕਮ ਨਾਕ ਆਉਟ ਪ੍ਰਣਾਲੀ ਦੇ ਅਧਾਰ ਤੇ ਹੋਵੇਗੀ । ਇਸ ਚੈਂਪੀਅਨਸ਼ਿਪ ਦਾ ਮੁੱਖ ਮਕਸਦ ਲੁਧਿਆਣਾ ਜ਼ਿਲ੍ਹੇ ਦੇ ਸਕੂਲੀ ਬੱਚਿਆਂ ਦੀ ਹਾਕੀ ਨੂੰ ਮਜ਼ਬੂਤ ਕਰਨਾ ਹੋਵੇਗਾ । ਇਹ ਹਾਕੀ ਪੰਜਾਬ ਖੇਡ ਵਿਭਾਗ, ਜਰਖੜ ਹਾਕੀ ਅਕੈਡਮੀ ਅਤੇ ਹੋਰ ਹਾਕੀ ਪ੍ਰੇਮੀਆਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹੀ ਜਾਵੇਗੀ। ਇਸ ਦੀਆਂ ਤਿਆਰੀਆਂ ਸੰਬੰਧੀ ਇੱਕ ਪਲੇਠੀ ਮੀਟਿੰਗ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਕੁਲਦੀਪ ਸਿੰਘ ਚੁੱਗ ਜ਼ਿਲ੍ਹਾ ਖੇਡ ਅਫਸਰ ਲੁਧਿਆਣਾ, ਗੁਰਦੀਪ ਸਿੰਘ ਜ਼ਿਲ੍ਹਾ ਖੇਡ ਅਫਸਰ ਫਿਰੋਜ਼ਪੁਰ , ਹੁਕਮ ਸਿੰਘ ਗੁਰੂ ਨਾਨਕ ਕਾਰ ਬਜਾਰ, ਜਰਖੜ ਹਾਕੀ ਅਕੈਡਮੀ ਦੇ ਮੁੱਖ ਕੋਚ ਗੁਰ ਸਤਿੰਦਰ ਸਿੰਘ ਪ੍ਰਗਟ, ਹਰਮੀਤ ਸਿੰਘ ਜਰਖੜ ਹਾਕੀ ਕੋਚ, ਮਨਪ੍ਰੀਤ ਸਿੰਘ ਮੁੰਡੀਆ, ਪਰਮਜੀਤ ਸਿੰਘ ਪੰਮਾ ਗਰੇਵਾਲ, ਕੁਲਵਿੰਦਰ ਸਿੰਘ ਚਚਰਾੜੀ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ ਖੇਡੇ ਨਾਟਕ 'ਜੀ ਆਇਆਂ ਨੂੰ' ਨੇ ਦਿਲ ਟੁੰਬੇ

## ਵਡੇਰੀ ਉਮਰ ਵਿੱਚ ਇੱਕਲਤਾ ਦੇ ਦੁਖਾਂਤ ਨੂੰ ਦਰਸਾਉਂਦੀ ਹੈ ਕਹਾਣੀ







**ਬਠਿੰਡਾ (ਅਮਰਜੀਤ ਸਿੰਘ ਜੀਤ)** ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ,ਨਗਰ ਨਿਗਮ ਬਠਿੰਡਾ ਅਤੇ ਨਾਟਿਅਮ ਪੰਜਾਬ ਦੇ ਸਹਿਯੋਗ ਸਦਕਾ ਤਿੰਨ-ਰੋਜ਼ਾ ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ ਦਿਲ ਟੁੰਬਵਾਂ ਨਾਟਕ 'ਜੀ ਆਇਆਂ ਨੂੰ' ਖੇਡਿਆ ਗਿਆ। ਭੁਪਿੰਦਰ ਉਤਰੇਜਾ ਦੇ ਲਿਖੇ ਇਸ ਨਾਟਕ ਨੂੰ ਟੀਮ ਨਟਰੰਗ ਅਬੋਹਰ ਨੇ ਹਨੀ ਉਤਰੇਜਾ ਦੇ ਨਿਰਦੇਸ਼ਨ ਹੇਠ ਖੇਡਿਆ। ਨਾਟਕ ਵਿੱਚ ਵਡੇਰੀ ਉਮਰ ਵਿੱਚ ਬਜ਼ੁਰਗਾਂ ਵੱਲੋਂ ਹੰਢਾਏ ਜਾਂਦੇ ਇਕੱਲਤਾ ਦੇ ਦੁਖਾਂਤ ਨੂੰ ਬੜੀ ਸੰਜੀਦਗੀ ਨਾਲ ਦਰਸਾਇਆ ਗਿਆ। ਕਹਾਣੀ ਵਿੱਚ ਜੀਵਨ ਸਾਥੀ ਦੇ ਜਾਣ ਮਗਰੋਂ ਜਦੋਂ ਬੱਚੇ ਵੀ ਪਰਦੇਸ ਜਾਂ ਹੋਰ ਕੰਮਾਂ-ਧੰਦਿਆਂ ਕਰਕੇ ਪਿੱਛੇ ਇੱਕਲੇ ਰਹਿ ਗਏ ਪਿਉ ਜਾਂ ਮਾਂ ਤੋਂ ਮੁਖ ਮੋੜ ਲੈਣ ਤਾਂ ਉਸ ਸਮੇਂ ਮਾਪਿਆਂ ਨੂੰ ਜੋ ਦੁਖਾਂਤ ਹੰਢਾਉਣਾ ਪੈਂਦਾ ਹੈ, ਉਸ ਦੁਖਾਂਤ ਦੀ ਭਾਵਪੂਰਤ ਪੇਸ਼ਕਾਰੀ ਕੀਤੀ ਗਈ। ਨਾਟਕ ਦੌਰਾਨ ਦਰਸ਼ਕ ਬਹੁਤ ਵਾਰ ਭਾਵੁਕ ਹੋਏ ਤੇ ਤਾੜੀਆਂ ਨਾਲ ਅਦਾਕਾਰਾਂ ਦੀ ਹੌਂਸਲਾ -ਅਫ਼ਜ਼ਾਈ ਕੀਤੀ।

ਨਾਟ-ਉਤਸਵ ਦੇ ਦੂਸਰੇ ਦਿਨ ਸਕੱਤਰ ਆਰ.ਟੀ.ਏ. ਸ. ਗਗਨਦੀਪ ਸਿੰਘ, ਐਸ.ਡੀ.ਐਮ. ਤਲਵੰਡੀ ਸਾਬੋ ਸ਼੍ਰੀ ਪੰਕਜ ਬਾਂਸਲ ਅਤੇ ਭਾਸ਼ਾ ਵਿਭਾਗ ਪੰਜਾਬ ਤੋਂ ਸਹਾਇਕ ਡਾਇਰੈਕਟਰ ਸ. ਤਜਿੰਦਰ ਸਿੰਘ ਗਿੱਲ ਨੇ ਸ਼ਿਰਕਤ ਕੀਤੀ।

ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ। ਇਸ ਮੌਕੇ ਸ. ਤਜਿੰਦਰ ਸਿੰਘ ਗਿੱਲ ਨੇ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਨਾਟ-ਉਤਸਵ ਸਬੰਧੀ ਪ੍ਰਬੰਧਾਂ ਦੀ ਸ਼ਲਾਘਾ ਕਰਦੇ ਹੋਏ ਭਾਸ਼ਾ ਵਿਭਾਗ ਪੰਜਾਬ ਦੀ ਭਾਸ਼ਾ ਦੀ ਪ੍ਰਫੁੱਲਤਾ ਪ੍ਰਤੀ ਵਚਨਬੱਧਤਾ ਦੁਹਰਾਈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੂੰ ਮੇਲੇ ਦੀ ਸਫ਼ਲਤਾ ਲਈ ਵਧਾਈ ਦਿੱਤੀ। ਅੰਤ ਵਿੱਚ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਇਸ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸ਼੍ਰੀ ਸੁਖਮਨੀ ਸਿੰਘ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਓਪਨ ਮਾਈਕ ਸੈਸ਼ਨ ਵਿੱਚ ਵੀ ਦਰਸ਼ਕਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਨੇ ਨਿਭਾਈ। ਇਸ ਰਾਜ-ਪੱਧਰੀ ਨਾਟ-ਮੇਲੇ 'ਚ ਸਹਿਯੋਗ ਕਰ ਰਹੀ ਨਾਟਿਅਮ ਪੰਜਾਬ ਟੀਮ ਦੇ ਪ੍ਰਧਾਨ ਮੈਡਮ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ, ਨਾਟਿਅਮ ਵਿੱਤ ਸਕੱਤਰ ਓ.ਪੀ.ਚਾਵਲਾ ਇਸ ਸਮਾਰੋਹ ਨੂੰ ਸਫ਼ਲਤਾ ਸਹਿਤ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਸਹਿਯੋਗ ਦੇ ਰਹੇ ਹਨ। ਮੈਡਮ ਮਾਲਵਿੰਦਰ ਕੌਰ ਡਾਇਰੈਕਟਰ ਸਿਲਵਰ ਓਕਸ ਸਕੂਲ ਐਡਵੋਕੇਟ ਸਰਬੱਤ ਸਿੰਘ ਬਰਾੜ, ਗੁਰਲਾਲ ਸਿੰਘ ਸਰਾਂ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਸਿੰਘ ਰੋਮਾਣਾ, ਅਨਿਲ ਕੁਮਾਰ, ਸ਼ੁਭਮ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ ਰਮੇਸ਼ ਸੇਠੀ ਬਾਦਲ, ਮਲਕੀਤ ਸਿੰਘ ਮਛਾਣਾ ਅਤੇ ਸਮੂਹ ਨਾਟਿਅਮ ਆਰਟਿਸਟ ਮੌਜੂਦ ਸਨ।

# 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਟੂਰਨਾਮੈਂਟ ਦਾ ਉਦਘਾਟਨ ਜਥੇਦਾਰ ਨਿਮਾਣਾ ਨੇ ਕੀਤਾ

## ਕੇਂਦਰ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਤੇ ਪੰਜਾਬ ਦੇ ਮਸਲੇ ਹੱਲ ਕਰੇ- ਜਥੇਦਾਰ ਨਿਮਾਣਾ, ਸ੍ਰ: ਛਾਪਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਾਬ ਰੋਕਬਾਲ ਐਸੋਸੀਏਸ਼ਨ ਵੱਲੋਂ ਸ੍ਰ: ਇਕਬਾਲ ਸਿੰਘ ਗਿੱਲ ਆਈ.ਪੀ.ਐਸ ਦੀ ਸਰਪ੍ਰਸਤੀ ਹੇਠ 9ਵੀਂ ਸੀਨੀਅਰ ਰੋਕਬਾਲ ਨੈਸ਼ਨਲ ਚੈਂਪੀਅਨਸ਼ਿਪ ਲੜਕੇ-ਲੜਕੀਆਂ ਅਤੇ 5ਵੀ ਸੀਨੀਅਰ ਮਿਕਸ ਨੈਸ਼ਨਲ ਰੋਕਬਾਲ ਚੈਂਪੀਅਨਸ਼ਿਪ ਤਿੰਨ ਦਿਨਾਂ ਟੂਰਨਾਮੈਂਟ ਗੁਰੂ ਹਰਗੋਬਿੰਦ ਖਾਲਸਾ ਕਾਲਜ, ਸੁਧਾਰ, ਲੁਧਿਆਣਾ ਵਿਖੇ ਪ੍ਰਿੰਸੀਪਲ ਪ੍ਰੋ: ਇੰਦਰਜੀਤ ਸਿੰਘ ਦੇ ਸਹਿਯੋਗ ਨਾਲ ਆਰੰਭ ਹੋਇਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕੀਤਾ ਅਤੇ ਐਸੋਸੀਏਸ਼ਨ ਦੇ ਪ੍ਰਧਾਨ ਧਰਮਬੀਰ ਸਿੰਘ, ਸੈਕਟਰੀ ਦਿਨੇਸ਼ ਰਾਠੌਰ ਨੇ ਦੱਸਿਆ 18 ਸਟੇਟਾਂ ਲੜਕੇ-ਲੜਕੀਆਂ ਦੀਆਂ 36 ਟੀਮਾਂ ਨੇ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਪਹੁੰਚੀਆਂ। ਇਸ ਮੌਕੇ ਤੇ ਡਾ: ਇੰਦਰਜੀਤ ਸਿੰਘ ਢੀਂਗਰਾ, ਕਰਨਲ ਹਰਬੰਤ ਸਿੰਘ ਕਾਹਲੋਂ ਵੀਰ ਚਕਰਵਤੀ ਵਿਜੇਤਾ, ਸ੍ਰ: ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ (ਚੈ:) ਭੁਪਿੰਦਰ ਸਿੰਘ ਸਾਂਗਵਾਨ ਜਨਰਲ ਸੈਕਟਰੀ ਫੈਡਰੇਸ਼ਨ ਆਫ ਇੰਡੀਆ, ਐਡਵੋਕੇਟ ਗੁਰਜੋਤ ਕੌਰ ਮਾਂਗਟ, ਟੂਰਨਾਮੈਂਟ ਵਿੱਚ ਵਿਸ਼ੇਸ਼ ਮਹਿਮਾਨ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਤੇ ਸ੍ਰ: ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ (ਚੈ:) ਟ੍ਰਸਟ ਲੁਧਿਆਣਾ ਨੇ ਕਿਹਾ ਦੁਨੀਆਂ ਦੇ ਇਤਿਹ-ਾਸ ਵਿੱਚ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਪੈਗ਼ੰਬਰ ਨੇ ਕਿਸੇ ਹੋਰ ਧਰਮ ਦੀ ਰਾਖੀ ਲਈ ਸ਼ਹਾਦਤ ਦਿੱਤੀ ਹੋਵੇ। ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਸਾਰੇ ਧਰਮਾਂ ਤੇ ਭਾਰਤ ਵਾਸੀਆਂ ਦੀ ਰੱਖਿਆ ਕੀਤੀ ਅਤੇ ਅੱਜ ਦੇਸ਼ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ । ਜਥੇਦਾਰ ਨਿਮਾਣਾ ਤੇ ਸ੍ਰ: ਛਾਪਾ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਪੂਰੇ ਭਾਰਤ ਦੇਸ਼ ਦੇ ਵਿੱਚ ਵੱਡੇ ਪੱਧਰ ਤੇ ਜਾਤਾਂ- ਪਾਤਾਂ ਧਰਮਾਂ ਤੋਂ, ਮਜ਼ੁਬਾਂ ਤੋਂ ਉੱਪਰ ਉੱਠ ਕੇ ਸ਼ਹੀਦੀ ਸ਼ਤਾਬਦੀ ਨੂੰ ਮਨਾਇਆ ਜਾਵੇ। ਉਹਨਾਂ ਨੇ ਇਹ ਵੀ ਅਪੀਲ ਕੀਤੀ ਕਿ ਪੰਜਾਬ ਦੇ ਬਣਦੇ ਵੱਧ ਅਧਿਕਾਰ ਪੰਜਾਬ ਨੂੰ ਦਿੱਤੇ ਜਾਣ ਅਤੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ। ਇਸ ਮੌਕੇ ਤੇ ਨਿਰਮਲ ਸਿੰਘ ਐਸ.ਐਸ. ਮਨਜੀਤ ਸਿੰਘ ਗਿੱਲ ਪ੍ਰਧਾਨ, ਡਾਕਟਰ ਪ੍ਰਗਟ ਸਿੰਘ ਗਰਚਾ ਪ੍ਰਿੰਸੀਪਲ, ਡਾ: ਐਸ ਐਸ ਥਿੰਦ, ਚਰਨਜੀਤ ਸਿੰਘ ਗਿੱਲ, ਡਾ:ਬਲਜਿੰਦਰ ਸਿੰਘ ਢਿੱਲੋਂ, ਹਰਿੰਦਰਪਾਲ ਸਿੰਘ ਗਿੱਲ, ਸਾਨੀਆ ਸ਼ਰਮਾ, ਗੈਰੀ ਗਿੱਲ, ਸਰਪੰਚ ਇੰਦਰਜੀਤ ਸਿੰਘ ਗਿੱਲ, ਬਲਰੂਪ ਸਿੰਘ ਧਾਰੀਵਾਲ, ਜਸਵੀਰ ਸਿੰਘ ਠਾਕੁਰ ਜਨਰਲ ਸੈਕਟਰੀ ਹਿਮਾਚਲ ਪ੍ਰਦੇਸ਼, ਮੰਗਤ ਠਾਕੁਰ ਵਾਈਸ ਪ੍ਰੈਜ਼ੀਡੈਂਟ ਰਾਕਵਾਲ ਐਸੋਸੀਏਸ਼ਨ, ਲਕਸ਼ੇ ਦਿੱਲੀ, ਰਾਕੇਸ਼ ਚੰਡੀਗੜ੍ਹ, ਡਾ: ਪ੍ਰਵੀਨ ਰਪਰੀਆ ਚੇਅਰਮੈਨ ਰੌਕਵਾਕ ਇੰਡੀਆ ਹਾਜ਼ਰ ਸਨ।



**ਨੋਟ:ਤਸਵੀਰ ਵਿਚ ਖੇਡਾਂ ਉਦਘਾਟਨ ਕਰਦੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਉਨ੍ਹਾਂ ਨਾਲ ਆਈ ਪੀ ਐਸ ਸ੍ਰ ਇਕ਼ਬਾਲ ਸਿੰਘ ਗਿਲ, ਸ੍ਰ ਜਸਵੰਤ ਸਿੰਘ ਛਾਪਾ, ਡਾ: ਇੰਦਰਜੀਤ ਸਿੰਘ ਢੀਂਗਰਾ।**

# ਮਿਊਜ਼ੀਅਮ ਜੰਨਤ ਏ ਜਰਖੜ ਸਕੂਲੀ ਬੱਚਿਆਂ ਲਈ ਬਣਿਆ ਮੁੱਖ ਖਿੱਚ ਦਾ ਕੇਂਦਰ

## ਅੰਮ੍ਰਿਤ ਇੰਡੋ ਕੈਨੇਡੀਅਨ ਅਕੈਡਮੀ ਲਾਦੀਆਂ ਦੇ 250 ਬੱਚਿਆਂ ਨੇ ਜੰਨਤ ਏ ਜਰਖੜ ਦਾ ਕੀਤਾ ਦੌਰਾ





**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਚੜਦੇ ਅਤੇ ਲਹਿੰਦੇ ਪੰਜਾਬ ਦੀ ਪੁਰਾਣੀ ਵਿਰਾਸਤ ਨੂੰ ਦਰਸਾਉਂਦਾ ਮਿਊਜੀਅਮ ਜੰਨਤ ਏ ਜਰਖੜ ਸਕੂਲੀ ਬੱਚਿਆਂ ਲਈ ਇੱਕ ਪ੍ਰੇਰਨਾ ਸਰੋਤ ਦਾ ਕੇਂਦਰ ਬਣਦਾ ਜਾ ਰਿਹਾ ਹੈ। ਇਸ ਮਿਊਜ਼ੀਅਮ ਵਿੱਚ ਹਰ ਰੋਜ਼ ਸਕੂਲੀ ਬੱਚਿਆਂ ਦਾ ਦੇਖਣ ਲਈ ਤਾਂਤਾ ਲੱਗਿਆ ਰਹਿੰਦਾ ਹੈ।ਜੰਨਤ ਏ ਜਰਖੜ ਮਿਊਜੀਅਮ ਦੇ ਬਾਨੀ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਮਿਊਜ਼ੀਅਮ ਵਿੱਚ ਜਿੱਥੇ ਬੱਚਿਆਂ ਲਈ ਲਾਹੌਰ ਦੀ ਝਲਕ ਮੁੱਖ ਖਿੱਚ ਦਾ ਕੇਂਦਰ ਹੈ ਉਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਨਾਲ ਸਬੰਧਿਤ ਪੁਰਾਣੀਆਂ ਵਿਰਾਸਤੀ ਚੀਜ਼ਾਂ ਬੱਚਿਆਂ ਦੇ ਮਨ ਨੂੰ ਭਾਉਂਦੀਆਂ ਹਨ। ਜੰਨਤ ਏ ਜਰਖੜ ਵਿੱਚ ਲਾਲ ਕਿਲ੍ਹਾ, ਹਿਮਾਚਲ ਪ੍ਰਦੇਸ਼ ਦੀ ਝਲਕ ਪੁਰਾਣੇ ਪੰਜਾਬ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਬਾਰਡਰ ,ਪਾਕਿਸਤਾਨੀ ਪੰਜਾਬ ਦੇ ਵਿੱਚ ਉਡਣਾ ਸਿੱਖ ਮਿਲਖਾ ਸਿੰਘ ਦਾ ਕੱਚਾ ਘਰ, ਸਟੈਚੂ ਆਫ ਲਿਵਰਟੀ , ਰਾਵੀ ਪੁਲ, ਕਰਤਾਰਪੁਰ ਸਾਹਿਬ ਦਾ ਮਾਡਲ,ਨਨਕਾਣਾ ਸਾਹਿਬ ਬੱਸ ਅੱਡੇ ਦੀ ਝਲਕ, ਹਿਟਲਰ ਗੇਟ,ਪੁਰਾਣੇ ਖੂਹ ਅਤੇ ਹੋਰ ਰਵਾਇਤੀ ਚੀਜ਼ਾਂ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਦੀਆਂ ਹਨ । ਇਸ ਤੋਂ ਇਲਾਵਾ ਅਮਰੀਕਾ ਦੇ 9/11 ਦੀ ਝਲਕ, ਰੈਸਟੋਰੈਂਟ ਅਤੇ ਲਾਹੌਰ ਵਿੱਚ ਬਣੇ ਦੁਨੀਆਂ ਦੇ 7 ਅਜੂਬਿਆਂ ਦੇ ਵਿਚਕਾਰ ਖਾਲਸਾ ਰਾਜ ਦੇ ਤਸਵੀਰ , ਰਾਣੀ ਟਾਕੀ, ਬੱਚਿਆਂ ਦੀ ਹੋਰ ਗਿਆਨ ਵਿੱਚ ਵੀ ਵਾਧਾ ਕਰਦੀ ਹੈ ।

ਜੰਨਤ ਏ ਜਰਖੜ ਵਿੱਚ ਜਿਥੇ ਵੱਡੀ ਗਿਣਤੀ ਵਿੱਚ ਹਰ ਰੋਜ਼ ਸਕੂਲੀ ਬੱਚਿਆਂ ਦੀ ਆਮਦ ਹੁੰਦੀ ਹੈ ,ਉਥੇ ਅੱਜ ਅੰਮ੍ਰਿਤ ਇੰਡੋ ਕੈਨੇਡੀਅਨ ਅਕੈਡਮੀ ਲਾਦੀਆਂ ਦੇ 250 ਦੇ ਕਰੀਬ ਬੱਚਿਆਂ ਨੇ 3 ਘੰਟੇ ਤੋਂ ਵੱਧ ਜੰਨਤ ਏ ਜਰਖੜ ਦਾ ਲੁਤਫ਼ ਲਿਆ ਅਤੇ ਆਪਣੀ ਜਾਣਕਾਰੀ ਵਿੱਚ ਵਾਧਾ ਕੀਤਾ। ਇਸ ਮੌਕੇ ਸਾਰੇ ਬੱਚਿਆਂ ਨੂੰ ਖਾਣ ਪੀਣ ਲਈ ਵਧੀਆ ਰਿਫੈਸਮੈਂਟ ਵੀ ਦਿੱਤੀ ਗਈ।ਇਸ ਤੋਂ ਇਲਾਵਾ ਇਹ ਮਿਊਜੀਅਮ ਜਨਮਦਿਨ ਪਾਰਟੀਆਂ , ਪ੍ਰੀ ਵੈਡਿੰਗ, ਕਿੱਟੀ ਪਾਰਟੀ, ਜਾਗੋ ਆਦਿ ਹੋਰ ਸਮਾਗਮਾਂ ਲਈ ਬਹੁਤ ਹੀ ਢੁਕਵਾਂ ਹੈ। ਇਸ ਮੌਕੇ ਅੰਮ੍ਰਿਤ ਇੰਡੋ ਕੈਨੇਡੀਅਨ ਅਕੈਡਮੀ ਲਾਦੀਆਂ ਦੇ ਡਾਇਰੈਕਟਰ ਹਰਮਿੰਦਰ ਸਿੰਘ ਚਾਹਿਲ ਨੇ ਜੰਨਤ ਏ ਜਰਖੜ ਮਿਊਜੀਅਮ ਦੀ ਬਣਤਰ ਦੀ ਸਲਾਘਾ ਕੀਤੀ ਜੋ ਕਿ ਬੱਚਿਆਂ ਦੇ ਮਨੋਰੰਜਨ ਅਤੇ ਗਿਆਨ ਦੇ ਵਾਧੇ ਦਾ ਇੱਕ ਵਧੀਆ ਪਲੇਟਫਾਰਮ ਹੈ। ਇਸ ਮੌਕੇ ਮੈਡਮ ਜਸਪਾਲ ਕੌਰ ਮੀਨੂ ਚਨਜੀ,ਨੰਦਨੀ ਸ਼ਰਮਾ, ਜਗਦੀਪ ਕੌਰ, ਯਾਦਵਿੰਦਰ ਕੌਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

# ਪੰਜਾਬ ਨਾਨ ਗ਼ਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਰਜਿ ਨੰ-42 (ਸੂਬਾ ਕਮੇਟੀ) ਵਣ ਚੇਤਨਾ ਕੇਂਦਰ ਲੁਧਿਆਣਾ ਵਿਖੇ ਹੋਈ ਸੂਬਾ ਕਮੇਟੀ ਦੀ ਮੀਟਿੰਗ





ਮਿਤੀ 12-11-25 ਨੂੰ ਸੂਬਾ ਕਮੇਟੀ ਦੀ ਮੀਟਿੰਗ ਹੋਈ। ਜਿਸ ਵਿੱਚ ਸੂਬਾ ਕਮੇਟੀ ਅਤੇ ਮੰਡਲਾਂ ਦੇ ਅਹੁਦੇਦਾਰਾਂ ਅਤੇ ਸਾਥੀਆਂ ਵੱਲੋਂ ਭਾਗ ਲਿਆ ਗਿਆ। ਮੀਟਿੰਗ ਵਿੱਚ ਸੂਬਾ ਪ੍ਰਧਾਨ ਜੀ ਨੇ ਮੰਡਲ ਅਹੁਦੇਦਾਰਾਂ ਤੋਂ ਆਪਣੇ -2 ਮੰਡਲਾਂ ਦੀਆਂ ਮੁਸ਼ਕਿਲਾਂ ਬਾਰੇ ਗੱਲਬਾਤ ਕੀਤੀ।

*ਸੂਬਾ ਸਕੱਤਰ ਹਰਦੀਪ ਸਿੰਘ ਪਨੇਸਰ* ਵੱਲੋਂ ਪਿਛਲੇ ਮਹੀਨਿਆਂ ਵਿੱਚ ਸਮੂਹ ਪੰਜਾਬ ਦੇ ਸਾਥੀਆਂ ਦੇ ਸਾਥ ਸਦਕਾਂ ਜਥੇਬੰਦੀ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਬਾਰੇ ਦੱਸਿਆ। ਜਿਨਾਂ ਵਿੱਚੋਂ...

1. *ਵਰਦੀਆਂ ਸੰਬੰਧੀ ਸਾਥੀਆਂ ਨੂੰ ਜਾਰੀ ਹੋਏ ਮਾਰੂ ਪੱਤਰ ਰੱਦ ਕਰਾਉਣਾ।*

2. *ਪੁਰਾਣੀ ਬਦਲੀ ਨੀਤੀ ਬਹਾਲ ਕਰਾਉਣਾ।*

3. *ਸਾਥੀ ਬੋਹੜ ਸਿੰਘ ਜੀ ਦੀ ਬਹਾਲੀ।*

4 *ਸਟਬਲ ਬਰਨਿੰਗ ਦੀ ਡਿਊਟੀਆਂ ਕਟਵਾਉਣ ਸਬੰਧੀ ਨੋਟਿਸ ਭੇਜ ਕੇ ਕੋਰਟ ਕੇਸ ਲਗਵਾਉਣ ਬਾਰੇ ।*

ਇਸ ਤੋਂ ਇਲਾਵਾ ਸੂਬਾ ਕਮੇਟੀ ਵੱਲੋਂ ਜੋ ਫ਼ੀਲਡ ਅਮਲੇ ਦੇ ਜ਼ਰੂਰੀ ਹੱਲ ਹੋਣ ਵਾਲੇ ਕੰਮ ਜਿਹਨਾ ਉੱਤੇ ਇਸ ਸਮੇਂ ਸੂਬਾ ਕਮੇਟੀ ਕੰਮ ਕਰ ਰਹੀ ਹੈ ਉਹਨਾਂ ਬਾਰੇ ਦੱਸਿਆ ਅਤੇ ਗੱਲਬਾਤ ਕੀਤੀ ਗਈ।

1 *ਡਿਪਟੀ ਰੇਂਜਰ ਤੋਂ ਵਣ ਰੇਂਜਰ ਦੇ ਪਰਮੋਸ਼ਨ ਦੇ ਕੋਟੇ ਨੂੰ ਵਧਾ ਕੇ 60:40 ਕਰਾਉਣਾ।*

2 *ਫਾਰੈਸਟ ਗਾਰਡ ਦਾ ਨਾਮ ਬਦਲ ਕੇ ਬੀਟ ਇੰਚਾਰਜ/ਬੀਟ ਆਫੀਸਰ ਰੱਖਣਾ।*

3 *ਜੁਰਮਾਨੇ ਦੇ ਰੇਟਾਂ ਵਿੱਚ ਹੋਏ ਵਾਧੇ ਵਿੱਚ ਸੋਧ ਕਰਾਉਣੀ*।

3 *ਸ਼ਡਿਊਲ ਆਫ ਵਰਕ ਦੇ ਰੇਟਾਂ ਨੂੰ ਕੰਮ ਅਤੇ ਇਲਾਕੇ ਦੀ ਭੂਗੋਲਿਕ ਸਥਿਤੀ ਅਨੁਸਾਰ ਰਿਵਾਇਜ਼ ਕਰਾਉਣਾ*।

4. *ਹੜਾਂ ਵਿੱਚ ਕੁਦਰਤੀ ਤੋਰ ਤੇ ਪੁੱਟੇ ਗਏ ਰੁੱਖਾਂ ਦੀਆਂ ਬਣਾਈਆਂ ਮਾਰਕਿੰਗ ਲਿਸਟਾਂ ਦਾ ਜਲਦੀ ਨਿਪਟਾਰਾ ਕਰਾਉਣ ਸੰਬੰਧੀ।*

ਇਹਨਾਂ ਅਹਿਮ ਮੁੱਦਿਆਂ ਬਾਰੇ ਸਾਥੀਆਂ ਨੇ ਟੇਬਲ -ਟਾਕ ਦੌਰਾਨ ਆਪਣੇ -ਆਪਣੇ ਖੁੱਲ ਕੇ ਵਿਚਾਰ ਪੇਸ਼ ਕੀਤੇ ਤੇ ਕਿ ਸਾਨੂੰ ਕਿਸ ਤਰ੍ਹਾਂ ਇਹਨਾ ਮੁਸ਼ਕਿਲਾਂ ਦੇ ਹੱਲ ਲਈ ਅਤੇ ਸੰਘਰਸ਼ਾਂ ਬਾਰੇ ਕਿਵੇਂ ਅੱਗੇ ਵਧਣਾ ਚਾਹੀਦਾ ਹੈ। ਸੂਬਾ ਪ੍ਰਧਾਨ ਜੀ ਵੱਲੋਂ ਜਿਹੜੇ ਜਿਹੜੇ ਮੰਡਲਾਂ ਵਿੱਚ ਮੀਟਿੰਗਾਂ ਪੈਂਡਿੰਗ ਹਨ ਜਾਂ ਸਾਥੀਆਂ ਦੇ ਮਸਲੇ ਪੈਂਡਿੰਗ ਹਨ ਓਹਨੂੰ ਨੂੰ ਜਲਦੀ ਹੱਲ ਕਰਵਾਉਣ ਲਈ ਮੰਡਲ ਕਮੇਟੀਆਂ ਨੂੰ ਕਿਹਾ ਗਿਆ। ਕਿ ਜਿੱਥੇ ਸੂਬਾ ਕਮੇਟੀ ਦੀ ਲੋੜ ਹੈ ਸਾਨੂੰ ਸ਼ਾਮਿਲ ਕੀਤਾ ਜਾਵੇ।

*ਅੰਤ ਵਿੱਚ ਸੂਬਾ ਪ੍ਰਧਾਨ ਜੀ ਨੇ ਮੀਟਿੰਗ ਵਿੱਚ ਆਏ ਸਾਰੇ ਸਤਿਕਾਰ ਯੋਗ ਅਹੁਦੇਦਾਰ ਸਾਥੀਆਂ ਦਾ ਧੰਨਵਾਦ ਕੀਤਾ। ਤੇ ਇਸੇ ਤਰ੍ਹਾਂ ਇਕਜੁੱਟਤਾ ਬਣਾਈ ਰੱਖਣ ਲਈ ਬੇਨਤੀ ਕੀਤੀ।*

*ਹੱਕ ਸੱਚ ਤੇ ਇਨਸਾਫ਼ ਲਈ ਇੱਕੋ-ਇਕ ਠੀਕ ਰਾਹ, ਏਕੇ ਅਤੇ ਸੰਘਰਸ਼ ਦਾ*

***ਗੁਰਿੰਦਰ ਸਹੋਤਾ***
***ਸੂਬਾ ਪ੍ਰਧਾਨ***
***ਹਰਦੀਪ ਸਿੰਘ ਪਨੇਸਰ***
***ਸੂਬਾ ਸਕੱਤਰ***
**ਵੱਲੋਂ: ਬਰਜਿੰਦਰ ਕੌਰ ਬਿਸਰਾਓ**

# ਗੁਰਦੁਆਰਾ ਮਟਨ ਸਾਹਿਬ (ਅਨੰਤਨਾਗ) ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ਵੀਂ ਸ਼ਹੀਦੀ ਨੂੰ ਸਮਰਪਿਤ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਸਮੇਂ ਦੀ ਮੰਗ-ਪੋਪਿੰਦਰ ਸਿੰਘ ਪਾਰਸ

**ਬਰਨਾਲਾ (ਚੰਡਿਹੋਕ)** ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਗੁਰਦੁਆਰਾ ਮਟਨ ਸਾਹਿਬ, ਜ਼ਿਲ੍ਹਾ ਅਨੰਤਨਾਗ (ਕਸ਼ਮੀਰ) ਵਿਖੇ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ੩੫੦ਵੀਂ ਸ਼ਹੀਦੀ ਦਿਵਸ ਨੂੰ ਸਮਰਪਿਤ ਇਕ ਵਿਸ਼ੇਸ਼ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ।

ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਜੋ ਸਿੱਖ ਧਰਮ ਦੇ ਨੌਂਵੇਂ ਗੁਰੂ ਹਨ, ਨੇ ਧਰਮਕ ਆਜ਼ਾਦੀ, ਮਨੁੱਖੀ ਮਰਯਾਦਾ ਅਤੇ ਸੱਚ ਦੀ ਰੱਖਿਆ ਲਈ ਆਪਣਾ ਸਿਰ ਨਿਛਾਵਰ ਕੀਤਾ।

ਕਾਰਜਕ੍ਰਮ ਦੀ ਸ਼ੁਰੂਆਤ ਰਾਗੀ ਭਾਈ ਪੋਪਿੰਦਰ ਸਿੰਘ ਅਤੇ ਦਿਲਬੀਰ ਸਿੰਘ ਵੱਲੋਂ ਗੁਰਬਾਣੀ ਕੀਰਤਨ ਨਾਲ ਹੋਈ। ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਵਿੱਤਰ ਸ਼ਬਦਾਂ ਦੀ ਸੁਰੀਲੀ ਰਚਨਾ ਪੇਸ਼ ਕਰਦਿਆਂ ਸ਼ਾਂਤੀ, ਨਿਮਰਤਾ ਅਤੇ ਆਤਮਕ ਪ੍ਰਕਾਸ਼ ਦਾ ਸੁਨੇਹਾ ਫੈਲਾਇਆ।

ਸ. ਰਣਜੀਤ ਸਿੰਘ ਜਥੇਦਾਰ ਨੇ ਗੁਰੂ ਸਾਹਿਬ ਜੀ ਦੇ ਜੀਵਨ, ਫ਼ਲਸਫ਼ੇ ਅਤੇ ਅਦੁੱਤੀ ਸ਼ਹੀਦੀ ’ਤੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਹਮੇਸ਼ਾ ਹਿੰਮਤ, ਦਇਆ ਅਤੇ ਸੱਚ ਪ੍ਰਤੀ ਵਚਨਬੱਧਤਾ ਦੀ ਪ੍ਰਤੀਕ ਰਹੇਗੀ। ਉਨ੍ਹਾਂ ਨੇ ਕਲਚਰ ਅਕੈਡਮੀ ਵੱਲੋਂ ਜੰਮੂ-ਕਸ਼ਮੀਰ ਭਰ ਵਿਚ ਇਸ ਤਰ੍ਹਾਂ ਦੇ ਆਤਮਕ ਅਤੇ ਸਾਂਸਕ੍ਰਿਤਿਕ ਪ੍ਰੋਗਰਾਮ ਆਯੋਜਿਤ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

ਇਸ ਕਵੀ ਦਰਬਾਰ ਵਿਚ ਹਰਲੀਨ ਕੌਰ, ਹਰਮੀਤ ਸਿੰਘ, ਹਰਪ੍ਰੀਤ ਸਿੰਘ, ਜਗਦੀਪ ਸਿੰਘ, ਸੁਖਮੀਤ ਸਿੰਘ, ਅਰਸ਼ਦੀਪ ਕੌਰ, ਪੁਸ਼ਕਰ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ ਆਦਿ ਕਵੀਆਂ ਨੇ ਹਿੱਸਾ ਲਿਆ।



ਸ. ਪੋਪਿੰਦਰ ਸਿੰਘ, ਸੀਨੀਅਰ ਸੰਪਾਦਕ ਸ਼ੀਰਾਜਾ ਪੰਜਾਬੀ, ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮਟਨ ਸਾਹਿਬ ਵਰਗੇ ਇਤਿਹਾਸਕ ਗੁਰਦੁਆਰਿਆਂ ਵਿਚ ਗੁਰਮਤਿ ਅਤੇ ਸਾਹਿਤਕ ਪ੍ਰੋਗਰਾਮ ਕਰਵਾਉਣ ਬਹੁਤ ਜ਼ਰੂਰੀ ਹਨ, ਕਿਉਂਕਿ ਇਹ ਥਾਵਾਂ ਸਾਲ ਭਰ ਸੰਗਤਾਂ ਦੇ ਆਤਮਕ ਕੇਂਦਰ ਬਣੀਆਂ ਰਹਿੰਦੀਆਂ ਹਨ। ਉਨ੍ਹਾਂ ਨੇ ਅਕੈਡਮੀ ਵੱਲੋਂ ਪੰਜਾਬੀ ਸਾਹਿਤ, ਕਲਾ ਅਤੇ ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀਆਂ ਜਾ ਰਹੀਆਂ ਕਵਾਇਦਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਅਤੇ ਇਸ ਦੀ ਬੁੱਧਜੀਵੀ ਤੇ ਸੱਭਿਆਚਾਰਕ ਸਮਰਸਤਾ ਵਧਾਉਣ ਵਿਚ ਭੂਮਿਕਾ ਨੂੰ ਉਜਾਗਰ ਕੀਤਾ।

ਉਨ੍ਹਾਂ ਨੇ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੰਤਨਾਗ ਦੇ ਸਹਿਯੋਗ ਲਈ ਤਹਿ-ਦਿਲੋਂ ਧੰਨਵਾਦ ਕੀਤਾ ਅਤੇ ਖਾਸ ਤੌਰ ’ਤੇ ਸ੍ਰੀਮਤੀ ਹਰਵਿੰਦਰ ਕੌਰ (ਜੇ.ਕੇ.ਏ.ਐਸ.), ਸਕੱਤਰ ਅਕੈਡਮੀ ਦੀ ਪ੍ਰੇਰਣਾ ਤੇ ਰਹਿਨੁਮਾਈ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਉਤਸ਼ਾਹ ਤੇ ਦ੍ਰਿਸ਼ਟੀਕੋਣ ਨੇ ਅਕੈਡਮੀ ਦੀਆਂ ਸੱਭਿਆਚਾਰਕ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕੀਤਾ ਹੈ।



ਸ. ਨਾਨਕ ਸਿੰਘ, ਪ੍ਰਧਾਨ ਡੀ.ਜੀ.ਪੀ.ਸੀ. ਅਨੰਤਨਾਗ ਨੇ ਅਕੈਡਮੀ ਵੱਲੋਂ ਕਸ਼ਮੀਰ ਵਿਚ ਹੋ ਰਹੀਆਂ ਸਾਂਸਕ੍ਰਿਤਿਕ ਤੇ ਸਾਹਿਤਕ ਗਤੀਵਿਧੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਅਕੈਡਮੀ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਐਸੀਆਂ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਮੂਲਾਂ ਨਾਲ ਜੁੜੇ ਰਹਿਣ।

ਗੁਰਦੁਆਰਾ ਮਟਨ ਸਾਹਿਬ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਨਮਸਕਾਰ ਕਰਦਿਆਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਯਾਦ ਕੀਤਾ। ਸਥਾਨਕ ਨਿਵਾਸੀਆਂ ਨੇ ਵੀ ਪੂਰੇ ਸ਼ਰਧਾ ਭਾਵ ਨਾਲ ਪ੍ਰੋਗਰਾਮ ਵਿਚ ਭਾਗ ਲਿਆ। ਸਾਰਾ ਪ੍ਰੋਗਰਾਮ ਸ. ਜਰਨੈਲ ਸਿੰਘ ਵੱਲੋਂ ਬਹੁਤ ਹੀ ਸੁਚਾਰੂ ਢੰਗ ਨਾਲ ਸੰਚਾਲਿਤ ਕੀਤਾ ਗਿਆ।

# ਕਿਰਤ ਕਰੋ ਨਾਮ ਜਪੋ ਵੰਡ ਛਕੋ ਦਾ ਉਪਦੇਸ਼ ਦੇ ਕੇ ਸਰਲ ਤਰੀਕੇ ਨਾਲ ਰੱਬ ਨੂੰ ਪਾਉਣ ਦਾ ਢੰਗ ਦੱਸ ਦਿੱਤਾ ਗੁਰੂ ਨਾਨਕ ਸਾਹਿਬ ਜੀ ਨੇ :- ਭਾਈ ਮਨਜੀਤ ਸਿੰਘ ਖਾਲਸਾ



**ਫਿਲੌਰ/ਅੱਪਰਾ (ਦੀਪਾ)**–ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਕੰਦੋਲਾ ਖੁਰਦ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਿੱਖ ਪੰਥ ਦੇ ਕਵੀਸ਼ਰ ਭਾਈ ਮਨਜੀਤ ਖਾਲਸਾ ਪਿੰਡ ਛੋਕਰਾਂ ਵਾਲਿਆਂ ਨੇ ਹਾਜ਼ਰ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਗੁਰਇਤਿਹਾਸ ਨਾਲ ਜੋੜਿਆ ਉਹਨਾਂ ਗੁਰੂ ਸਾਹਿਬ ਜੀ ਦੇ ਜੀਵਨ ਵਿੱਚੋਂ ਸਾਖੀਆਂ ਸੁਣਾਉਂਦੇ ਹੋਏ ਦੱਸਿਆ ਕਿ ਕਿਵੇਂ ਗੁਰੂ ਸਾਹਿਬ ਨੇ ਆਪਣੇ ਉਪਦੇਸ਼ ਕਿਰਤ ਕਰੋ,ਨਾਮ ਜਪੋ,ਵੰਡ ਛਕੋ ਦੇ ਕੇ ਵਹਿਮਾਂ ਭਰਮਾਂ ਵਿੱਚ ਗਲਤਾਨ ਲੁਕਾਈ ਨੂੰ ਸੌਖੇ ਢੰਗ ਪ੍ਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਦੱਸ ਦਿੱਤਾ । ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਵੀਸ਼ਰੀ ਜਥੇ ਦਾ ਸਨਮਾਨ ਕੀਤਾ ਗਿਆ । ਚਾਹ ਪਕੌੜੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕਾਂ ਵਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਸੜਕ ਹਾਦਸੇ 'ਚ ਇੱਕ ਨੌਜਵਾਨ ਦੀ ਮੌਤ

**ਗੁਰਾਇਆ, ਅੱਪਰਾ (ਦੀਪਾ):**--ਪਿੰਡ ਢੰਡਵਾੜ ਵਿਖੇ ਬੀਤੀ ਰਾਤ ਕਰੀਬ 8.30 ਵਜੇ ਕਿਸੇ ਅਣਪਛਾਤੇ ਵਾਹਨ ਨਾਲ ਟੱਕਰ ਹੋਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਰਾਕੇਸ਼ ਕੁਮਾਰ ਵਾਸੀ ਕੁੱਲਥਮ ਰੋਡ ਕਲੋਨੀ ਪਿੰਡ ਦੁਸਾਂਝ ਕਲਾਂ ਨੇ ਦੱਸਿਆਂ ਕਿ ਮੇਰਾ ਲੜਕਾ ਸਰਬਜੀਤ ਉਰਫ ਗੋਪੀ ਪੁੱਤਰ ਰਾਕੇਸ਼ ਕੁਮਾਰ (ਉਮਰ 20 ਸਾਲ) ਜੋਂ ਕਿ ਮੋਟਰਸਾਈਕਲ ਨੰਬਰੀ ਫਭ-08-ਢ਼-7752 ਮਾਰਕਾ ਸਪਲੈਂਡਰ ਪਰ ਸਵਾਰ ਹੋ ਕੇ ਘਰੋਂ ਆਪਣੀ ਮਾਸੀ ਦੇ ਘਰ ਪਿੰਡ ਚੀਮਾ ਕਲਾਂ ਨੂੰ ਜਾ ਰਿਹਾ ਸੀ ਤਾਂ ਜਦੋਂ ਉਹ ਰਾਤ ਕਰੀਬ 8.30 ਵਜੇ ਪਿੰਡ ਢੰਡਵਾੜ ਗੇਟ ਨਜ਼ਦੀਕ ਆਇਆ ਤਾਂ ਹਨੇਰਾ ਹੋਣ ਕਰਕੇ ਕਿਸੇ ਅਣਪਛਾਤੇ ਵਹਿਕਲ ਦੇ ਚਾਲਕ ਨੇ ਟੱਕਰ ਮਾਰ ਦਿੱਤੀ ਜਿਸ ਨਾਲ ਮੇਰੇ ਲੜਕੇ ਸਰਬਜੀਤ ਉਰਫ ਗੋਪੀ ਦੇ ਮੋਟਰਸਾਈਕਲ ਦਾ ਸੰਤੁਲਨ



ਵਿਗੜ ਗਿਆ ਅਤੇ ਉਹ ਜ਼ਮੀਨ ਤੇ ਡਿੱਗ ਪਿਆ ਜਿਸ ਕਾਰਨ ਉਸ ਦੇ ਸਿਰ ਅਤੇ ਮੂੰਹ ਸੱਟਾਂ ਲੱਗੀਆਂ, ਜੋਂ ਸੱਟਾਂ ਜ਼ਿਆਦਾ ਹੋਣ ਕਰਕੇ ਮੇਰੇ ਲੜਕੇ ਸਰਬਜੀਤ ਉਰਫ ਗੋਪੀ ਦੀ ਮੌਕੇ ਤੇ ਮੌਤ ਹੋ ਗਈ ਅਤੇ ਮੋਟਰਸਾਈਕਲ ਵੀ ਨੁਕਸਾਨਿਆ ਗਿਆ, ਆਪਣੇ ਲੜਕੇ ਸਰਬਜੀਤ ਉਰਫ ਗੋਪੀ ਦੀ ਲਾਸ਼ ਨੂੰ ਪੁਲਿਸ ਪ੍ਰਸ਼ਾਸਨ ਦੀ ਸਹਾਇਤਾ ਨਾਲ ਸਿਵਲ ਹਸਪਤਾਲ ਫਿਲੌਰ ਜਮ੍ਹਾ ਕਰਵਾ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੌਕੀ ਇੰਚਾਰਜ ਜੰਗ ਬਹਾਦਰ ਨੇ ਦੱਸਿਆਂ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਰਾਕੇਸ਼ ਕੁਮਾਰ ਦੇ ਬਿਆਨਾਂ ਦੇ ਆਧਾਰ ਤੇ 194 ਬੀ ਐੱਨ ਐੱਸ ਐੱਸ ਦਾ ਮਾਮਲਾ ਦਰਜ ਕਰ ਕੇ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਵਾ ਕੇ ਮ੍ਰਿਤਕ ਦੇਹ ਪਰਿਵਾਰ ਨੂੰ ਦੇ ਦਿੱਤੀ। ਪਰਿਵਾਰ ਨੇ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

# ਤਿੰਨ ਮੋਟਰਸਾਈਕਲ ਨੌਜਵਾਨਾਂ ਵੱਲੋਂ ਇੱਕ ਨੌਜਵਾਨ ਲੜਕੀ ਦੇ ਉੱਤੇ ਫਾਇਰਿੰਗ

## ਲੜਕੀ ਦਾ ਆਪਣੇ ਪਤੀ ਨਾਲ ਚੱਲ ਰਿਹਾ ਸੀ ਵਿਵਾਦ



**ਕਪੂਰਥਲਾ, (ਕੌੜਾ)– ਕਪੂਰਥਲਾ** ਵਿੱਚ ਦੇਰ ਸ਼ਾਮ ਵਿਧਾਇਕ ਦੀ ਕੋਠੀ ਦੇ ਨੇੜੇ ਇੱਕ ਲੜਕੀ ਉੱਤੇ ਤਿੰਨ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਫਾਇਰਿੰਗ ਕਰ ਦਿੱਤੀ। ਇਸ ਘਟਨਾ ਵਿੱਚ ਜ਼ਖਮੀ ਨੌਜਵਾਨ ਲੜਕੀ ਨੂੰ ਪੀ ਸੀ ਆਰ ਟੀਮ ਦੀ ਮਦਦ ਨਾਲ ਸਿਵਲ ਹਸਪਤਾਲ ਵਿੱਚ ਇਲਾਜ ਦੇ ਲਈ ਭਰਤੀ ਕਰਵਾਇਆ ਗਿਆ। ਮੌਕੇ ਤੇ ਪਹੁੰਚੇ ਡੀ ਐਸ ਪੀ ਸਬ ਡਵੀਜ਼ਨ ਸ਼ੀਤਲ ਸਿੰਘ ਨੇ ਦੱਸਿਆ ਕਿ ਗੋਲੀ ਲੜਕੀ ਦੀ ਲੱਤ ਦੇ ਆਰ ਪਾਰ ਹੋ ਗਈ । ਫਿਲਹਾਲ ਉਸ ਦੀ ਹਾਲਤ ਸਥਿਰ ਹੈ। ਉੱਥੇ ਹੀ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਨੂੰ ਮਿਲੀ ਜਾਣਕਾਰੀ ਅਨੁਸਾਰ ਮਨਪ੍ਰੀਤ ਕੌਰ 35 ਸਾਲ ਵਾਸੀ ਔਜਲਾ ਰੋਡ ਨਜ਼ਦੀਕ ਬਰੈਡ ਫੈਕਟਰੀ ਸ਼ਾਮ ਕਰੀਬ 5:30 ਵਜੇ ਆਪਣੀ ਡਿਊਟੀ ਤੋਂ ਬਾਅਦ ਘਰ ਜਾ ਰਹੀ ਸੀ। ਅੱਗੇ ਜਾਂਦੇ ਹੀ ਬੁਲੇਟ ਵਿਧਾਇਕ ਦੀ ਕੋਠੀ ਤੋਂ ਥੋੜੀ ਮੋਟਰਸਾਈਕਲ ਤੇ ਤਿੰਨ ਨੌਜਵਾਨ ਆਏ ਅਤੇ ਉਹਨਾਂ ਨੇ ਨੌਜਵਾਨ ਲੜਕੀ ਦੇ ਫਾਇਰਿੰਗ ਕਰ ਦਿੱਤੀ ਗੋਲੀ ਉਸਦੀ ਲੱਤ ਦੇ ਆਰ ਪਾਰ ਹੋ ਗਈ। ਘਟਨਾ ਦੇ ਬਾਅਦ ਮੋਟਰਸਾਈਕਲ ਸਵਾਰ ਮੌਕੇ ਤੋਂ ਫਰਾਰ ਹੋ ਗਏ। ਉੱਥੇ ਹੀ ਇਹ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪਹੁੰਚੇ ਪੀ ਸੀ ਆਰ ਇੰਚਾਰਜ ਚਰਨਜੀਤ ਸਿੰਘ ਦੀ ਟੀਮ ਨੇ ਜ਼ਖ਼ਮੀ ਨੂੰ ਸਿਵਿਲ ਹਸਪਤਾਲ ਵਿੱਚ ਇਲਾਜ ਦੇ ਲਈ ਭਰਤੀ ਕਰਵਾਇਆ । ਡੀ ਐਸ ਪੀ ਸਬ ਡਿਵੀਜ਼ਨ ਸੀਤਲ ਸਿੰਘ ਨੇ ਇਹ ਵੀ ਦੱਸਿਆ ਕਿ ਨੌਜਵਾਨ ਮਨਪ੍ਰੀਤ ਕੌਰ ਕਈ ਸਾਲਾਂ ਤੋਂ ਆਪਣੇ ਪਤੀ ਤੋਂ ਅਲੱਗ ਰਹਿ ਰਹੀ ਸੀ ਅਤੇ ਹਮਲਾ ਕਰਨ ਵਾਲੇ ਇੱਕ ਨੌਜਵਾਨ ਨਾਲ ਇਸ ਦਾ ਵਿਵਾਦ ਸੀ। ਲੜਕੀ ਨੇ ਦੱਸਿਆ ਕਿ ਨੌਜਵਾਨ ਸੂਰਜ ਥਾਪਰ ਨੇ ਅੱਜ ਉਸ ਉੱਤੇ ਫਾਇਰਿੰਗ ਕੀਤੀ ਹੈ। ਜ਼ਖ਼ਮੀ ਦੇ ਬਿਆਨ ਤੇ ਸੂਰਜ ਵਾਸੀ ਪਿੰਡ ਦਬੁਰਜੀ ਅਤੇ ਉਸਦੇ ਦੋ ਹੋਰ ਸਾਥੀਆਂ ਨੂੰ ਗ੍ਰਿਫਤਾਰ ਕਰਨ ਦੇ ਲਈ ਸਿਟੀ ਥਾਣਾ ਪੁਲਸ ਦੀ ਟੀਮ ਛਾਪੇਮਾਰੀ ਕਰ ਰਹੀ ਹੈ।

ਸਮਾਜ ਵੀਕਲੀ ਨਿਊਜ਼

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਤੇ ਸਿਰਫ ਪੰਜਾਬ ਦਾ ਹੱਕ : ਤਰਕਸ਼ੀਲ ਸੁਸਾਇਟੀ

## ਰੋਸ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਅਤੇ ਹਮਾਇਤੀਆਂ ਉਤੇ ਲਾਠੀਚਾਰਜ ਕਰਨ ਦੀ ਸਖ਼ਤ ਨਿਖੇਧੀ




ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਧਰਨੇ ਵਿੱਚ ਸ਼ਾਮਲ ।

**ਸੰਗਰੂਰ**

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਦੀ ਮੰਗ ਸਮੇਤ ਇਸਦੇ ਭਗਵੇਂਕਰਨ ਅਤੇ ਕੇਂਦਰੀਕਰਨ ਦੇ ਵਿਰੁੱਧ ਰੋਸ ਧਰਨੇ ਵਿੱਚ ਸ਼ਾਮਿਲ ਹੋਣ ਆਏ ਵਿਦਿਆਰਥੀਆਂ ਅਤੇ ਪੰਜਾਬ ਦੀਆਂ ਵੱਖ ਵੱਖ ਲੋਕ ਪੱਖੀ, ਜਨਤਕ ਜਮਹੂਰੀ ਜਥੇਬੰਦੀਆਂ ਦੇ ਕਾਰਕੁੰਨਾਂ ਉੱਤੇ ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਲਾਠੀਚਾਰਜ ਕਰਕੇ ਜ਼ਖਮੀ ਕਰਨ ਅਤੇ ਰੋਕਾਂ ਲਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਦੇ ਮੁੱਦੇ ਸਮੇਤ ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਫੈਸਲਿਆਂ ਅਤੇ ਸਿੱਖਿਆ ਦੇ ਭ ਗ ਵ ਾਂ ਕ ਰ ਨ ,ਵਪਾਰੀਕਰਨ ਅਤੇ ਕੇਂਦਰੀਕਰਨ ਦੀਆਂ ਨੀਤੀਆਂ ਪ੍ਰਤੀ ਧਾਰੀ ਸਾਜਿਸ਼ੀ ਚੁੱਪ ਦਾ ਸਖ਼ਤ ਵਿਰੋਧ ਕੀਤਾ ਹੈ।

ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ ਤੇ ਪ੍ਰਗਟ ਸਿੰਘ ਬਾਲੀਆਂ ਨੇ ਜਾਰੀ ਬਿਆਨ ਵਿਚ ਕਿਹਾ ਕਿ ਭਾਜਪਾ-ਸੰਘ ਦੀ ਕੇਂਦਰ ਸਰਕਾਰ, ਹਿੰਦੂਤਵ ਦੇ ਸਾਮਰਾਜੀ ਏਜੰਡੇ ਹੇਠ ਸਮੁੱਚੀ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਕੇਂਦਰੀਕਰਨ, ਭਗਵਾਂਕਰਨ ਅਤੇ ਵਪਾਰੀਕਰਨ ਕਰਕੇ ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ 'ਤੇ ਪੰਜਾਬ ਦਾ ਕਾਨੂੰਨੀ ਹੱਕ ਸਦੀਵੀਂ ਤੌਰ 'ਤੇ ਖ਼ਤਮ ਕਰਨਾ ਚਾਹੁੰਦੀ ਹੈ ਜਿਸਨੂੰ ਪੰਜਾਬ ਦੇ ਲੋਕਾਂ,ਵਿਦਿਆਰਥੀਆਂ ਅਤੇ ਜਮਹੂਰੀ ਸੰਸਥਾਵਾਂ ਵੱਲੋਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਅੰਦੋਲਨ ਨੂੰ ਸਿਰਫ ਸੈਨੇਟ ਚੋਣਾਂ ਬਹਾਲ ਕਰਵਾਉਣ ਤੱਕ ਹੀ ਸੀਮਤ ਰੱਖ ਕੇ ਨਹੀਂ ਬਲਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਮੁੱਚੇ ਪ੍ਰਬੰਧ ਅਤੇ ਕੰਟਰੋਲ ਨੂੰ ਪੰਜਾਬ ਰਾਜ ਦੇ ਅਧਿਕਾਰ ਖੇਤਰ ਵਿੱਚ ਲੈਣ ਅਤੇ ਸੈਨੇਟ ਵਿੱਚ ਵੱਖ ਵੱਖ ਵਰਗਾਂ ਅਤੇ ਲੋਕ ਪੱਖੀ ਜਮਹੂਰੀ ਬੁੱਧੀਜੀਵੀਆਂ ਦੀ ਵੱਡੀ ਨੁਮਾਇੰਦਗੀ ਅਤੇ ਖ਼ੁਦਮੁਖ਼ਤਿਆਰੀ ਯਕੀਨੀ ਬਣਾ ਕੇ ਹੀ ਉਚੇਰੀ ਸਿੱਖਿਆ ਅਤੇ ਯੂਨੀਵਰਸਿਟੀ ਦੀ ਸ਼ਾਨਾਂਮੱਤੀ ਵਿਰਾਸਤ ਅਤੇ ਹੋਂਦ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਤਰਕਸ਼ੀਲ ਆਗੂਆਂ ਨੇ ਹਕੂਮਤਾਂ ਵੱਲੋਂ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਦੇ ਹੱਕਾਂ ਉੱਤੇ ਲਾਈਆਂ ਪਾਬੰਦੀਆਂ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਸੰਨ 2020 ਵਿੱਚ ਵੀ ਕੇਂਦਰ ਸਰਕਾਰ ਵੱਲੋਂ ਕੌਮੀ ਸਿੱਖਿਆ ਨੀਤੀ-2020 ਦੇ ਪ੍ਰਸਤਾਵ ਹੇਠ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਕੇ ਇਸਨੂੰ ਬੋਰਡ ਆਫ ਗਵਰਨਰਜ਼ ਵਿੱਚ ਤਬਦੀਲ ਕਰਨ ਦੀ ਵੱਡੀ ਸਾਜਿਸ਼ ਰਚੀ ਗਈ ਸੀ ਤਾਂ ਕਿ ਪੰਜਾਬ ਦੀ ਇੱਕੋ ਇੱਕ ਨੁਮਾਇੰਦਗੀ ਕਰਦੇ ਸੈਨੇਟ ਦੇ ਖ਼ੁਦਮੁਖਤਿਆਰ ਅਦਾਰੇ ਨੂੰ ਖ਼ਤਮ ਕਰਕੇ ਇਸਦਾ ਸਮੁੱਚਾ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਸੌਂਪਿਆ ਜਾ ਸਕੇ ਪਰ ਉਸ ਸਮੇਂ ਵੀ ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਹੋਰਨਾਂ ਲੋਕ ਪੱਖੀ ਜਮਹੂਰੀ ਜਨਤਕ ਜਥੇਬੰਦੀਆਂ,ਅਧਿਆਪਕਾਂ, ਮੁਲਾਜ਼ਮਾਂ ਅਤੇ ਬੁੱਧੀਜੀਵੀ ਵਰਗ ਨੇ ਇਸਦਾ ਸਖ਼ਤ ਵਿਰੋਧ ਕਰਕੇ ਇਸ ਫੈਸਲੇ ਨੂੰ ਵਾਪਸ ਕਰਵਾ ਲਿਆ ਸੀ। ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸੂਬੇ ਦੀਆਂ ਸਮੂਹ ਲੋਕ ਪੱਖੀ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਖ਼ੁਦਮੁਖ਼ਤਿਆਰੀ ਅਤੇ ਅਕਾਦਮਿਕ ਮਾਹੌਲ ਨੂੰ ਬਚਾਉਣ ਲਈ ਲੜੇ ਜਾ ਰਹੇ ਵਿਦਿਆਰਥੀ ਅੰਦੋਲਨ ਦੀ ਹਰ ਪੱਖੋਂ ਹਮਾਇਤ ਕਰਨ ਅਤੇ ਮੌਕਾਪ੍ਰਸਤ ਸਿਆਸੀ ਪਾਰਟੀਆਂ ਅਤੇ ਫ਼ਿਰਕੂ ਸਿਆਸਤਦਾਨਾਂ ਤੋਂ ਦੂਰੀ ਬਣਾਉਣ ਦੀ ਪੁਰਜ਼ੋਰ ਅਪੀਲ ਕੀਤੀ।

ਸਮਾਜ ਵੀਕਲੀ ਨਿਊਜ਼

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦਾ ਦੂਜਾ ਸੂਬਾਈ ਇਜਲਾਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਫ਼ਲਤਾ ਪੂਰਵਕ ਹੋਇਆ ਸਪੰਨ

13 ਦਸੰਬਰ ਨੂੰ ਆਧਿਆਪਕ ਮੰਗਾਂ ਮਸਲਿਆਂ ਦੇ ਹੱਲ ਲਈ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਕੀਤੀ ਸੂਬਾਈ ਰੋਸ ਰੈਲੀ** ਮਪੰਜਾਬ ਯੂਨੀਵਰਸਟੀ ਚੰਡੀਗੜ੍ਹ ਨੂੰ ਬਚਾਉਣ ਲਈ ਚੱਲ ਰਹੇ ਅੰਦੋਲਨ ਵਿੱਚ ਵੱਡੀ ਸ਼ਮੂਲੀਅਤ ਕਰਨ ਲਈ ਮਤਾ ਪਾਸ*

ਫਿਲੌਰ/ਅੱਪਰਾ13 ਨਵੰਬਰ (ਦੀਪਾ)–ਅੱਜ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦਾ ਦੂਜਾ ਸੂਬਾਈ ਇਜਲਾਸ ਸੰਪੰਨ ਹੋਇਆ ਇਸ ਇਜਲਾਸ ਵਿੱਚ ਜੀਟੀਯੂ ਪੰਜਾਬ ਦੇ ਵੱਖ-ਵੱਖ ਜਿਲਿਆਂ ਤੋਂ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਆਗੂਆਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲੋਂ ਝੰਡੇ ਦੀ ਰਸਮ ਕੀਤੀ ਗਈ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਨੇ ਝੰਡਾ ਲਹਿਰਾਇਆ। ਜਨਰਲ ਕੌਂਸਲ ਦੇ ਅਜਲਾਸ ਦੇ ਸੁਰੂਆਤ ਸਮੇਂ ਵਿਛੜੇ ਸਾਥੀਆਂ ਦੇ ਸੋਕ ਮਤੇ ਪੇਸ਼ ਕੀਤੇ ਗਏ। ਇਸ ਤੋਂ ਬਾਅਦ ਜੀਟੀਯੂ ਪੰਜਾਬ ਦੇ ਸਾਬਕਾ ਆਗੂ ਹਰਕੰਵਲ ਸਿੰਘ ਜੀ ਨੇ ਜਨਰਲ ਕੌਂਸਲ ਦਾ ਉਦਘਾਟਨ ਕਰਦਿਆਂ ਜੀਟੀਯੂ ਪੰਜਾਬ ਦੇ ਸੰਘਰਸ਼ੀ ਇਤਿਹਾਸ ਤੇ ਚਾਨਣਾ ਪਾਇਆ। ਇਸ ਸਮੇਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਜੀ ਅਤੇ ਜਰਨਲ ਸਕੱਤਰ ਤੀਰਥ ਸਿੰਘ ਬਾਸੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਜਸਵੀਰ ਸਿੰਘ ਤਲਵਾੜਾ, ਜੀਟੀਯੂ ਦੇ ਸਾਬਕਾ ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ ਅਤੇ 4161 ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆ ਨੇ ਭਰਾਤਰੀ ਸੰਦੇਸ਼ ਦਿੱਤਾ।

ਇਸ ਉਪਰੰਤ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਵੱਲੋਂ ਆਏ ਹੋਏ ਆਗੂਆਂ ਨੂੰ ਜੀ ਆਇਆਂ ਕਿਹਾ ਗਿਆ। ਇਸ ਤੋਂ ਬਾਅਦ ਜੀਟੀਯੂ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਵੱਲੋਂ ਡਰਾਫਟ ਰਿਪੋਰਟ ਪੇਸ਼ ਕੀਤੀ ਗਈ। ਉਹਨਾਂ ਵੱਲੋਂ ਆਪਣੀ ਡਰਾਫਟ ਰਿਪੋਰਟ ਵਿੱਚ ਜੀਟੀਯੂ ਦੀਆਂ ਜਥੇਬੰਦਕ ਸਰਗਰਮੀਆਂ, ਸਿੱਖਿਆ ਵਿਭਾਗ ਵਿੱਚ ਅਧਿਆਪਕਾਂ ਤੋਂ ਲਏ ਜਾਂਦੇ ਗੈਰ ਵਿੱਦਿਆਕ ਕੰਮ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਅਤੇ ਜਥੇਬੰਦੀ ਦੀ ਮਜਬੂਤੀ ਅਤੇ ਵਾਧੇ ਦਾ ਪੱਖ ਰੱਖਿਆ ਗਿਆ। ਇਸ ਰਿਪੋਰਟ ਤੇ ਬਾਅਦ ਵਿੱਚ ਪੰਜਾਬ ਭਰ ਦੇ ਵੱਖ ਵੱਖ ਜਿਲਿਆ ਤੋਂ ਆਏ 35 ਡੈਲੀਗੇਟਾਂ ਨੇ ਰਿਪੋਰਟ ਤੇ ਆਪਣੇ ਸੁਝਾਅ ਦਿੱਤੇ।





ਜੀਟੀਯੂ ਪੰਜਾਬ ਵੱਲੋਂ ਆਪਣੇ ਮੰਗ ਪੱਤਰ ਦਾ ਖਰੜਾ ਦੱਸਦੇ ਹੋਏ ਕਿਹਾ ਕਿ ਜੀਟੀਯੂ ਪੰਜਾਬ ਮੰਗ ਕਰਦੀ ਹੈ ਕਿ ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕੀਤਾ ਜਾਵੇ ਅਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਣਾਈ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੰਪਿਊਟਰ ਅਧਿਆਪਕਾਂ, ਮੈਰੀਟੋਰੀਅਸ ਅਧਿਆਪਕਾਂ, ਕੱਚੇ /ਐਸੋਸੀਏਟ ਅਧਿਆਪਕਾਂ, ਆਦਰਸ਼ ਸਕੂਲਾਂ ਦੇ ਅਧਿਆਪਕਾਂ, ਐਨ ਐਸ ਕਿਊ ਐਫ ਵਾਲੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਲਿਆ ਕੇ ਰੈਗੂਲਰ ਕਰਾਉਣਾ, ਕੇਂਦਰੀ ਤਨਖਾਹ ਸਕੇਲ ਰੱਦ ਕਰਵਾ ਕੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਾਉਣਾ, ਮਾਣਯੋਗ ਹਾਈਕੋਰਟ ਵੱਲੋਂ 15 -01- 15 ਦਾ ਮੁੱਢਲੀ ਤਨਖਾਹ ਤੇ ਨਿਯੁਕਤੀ ਦਾ ਨੋਟੀਫਿਕੇਸ਼ਨ ਰੱਦ ਕਰਨਾ, ਸੇਵਾ ਨਿਯਮਾਂ ਵਿੱਚ ਕੀਤੀਆਂ ਅਧਿਆਪਕ / ਮੁਲਾਜ਼ਮ ਵਿਰੋਧੀ ਸੋਧਾਂ ਰੱਦ ਕਰਾਉਣਾ, ਵਧੇ ਦਾਖਲੇ ਅਨੁਸਾਰ ਨਵੀਆਂ ਪੋਸਟਾਂ ਦੀ ਸਿਰਜਣਾ ਕਰਵਾਉਣੀ ਅਤੇ ਖਾਲੀ ਪੋਸਟਾਂ ਤੇ ਪੂਰੇ ਗ੍ਰੇਡ ਨਾਲ ਭਰਤੀ ਕਰਵਾਉਣਾ, ਪੇਂਡੂ ਭੱਤੇ ਸਮੇਤ ਕੱਟੇ 37 ਭੱਤੇ ਬਹਾਲ ਕਰਾਉਣਾ, ਡੀਏ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਇਆ ਜਾਰੀ ਕਰਾਉਣਾ, ਸਰਕਾਰ ਵੱਲੋਂ ਵਿਕਾਸ ਟੈਕਸ ਦੇ ਨਾਂ ਤੇ 2400 ਸਾਲਾਨਾ ਵਸੂਲਿਆ ਜਾ ਰਿਹਾ ਜਜੀਆ ਟੈਕਸ ਵਾਪਸ ਕਰਾਉਣਾ, ਤਨਖਾਹ ਕਮਿਸ਼ਨ ਵੱਲੋਂ ਦਿੱਤਾ ਹਾਇਰ ਗਰੇਡ ਲਾਗੂ ਕਰਾਉਣਾ, ਮੁੱਢਲੀ ਸਿੱਖਿਆ ਮਾਤ ਭਾਸ਼ਾ ਰਾਹੀਂ ਦੇਣਾ ਯਕੀਨੀ ਬਣਾਉਣਾ, ਪ੍ਰੀ ਪ੍ਰਾਈਮਰੀ ਲਈ ਨਰਸਰੀ ਟੀਚਰ, ਹਰ ਪ੍ਰਾਈਮਰੀ ਸਕੂਲ ਲਈ ਹੈਡ ਟੀਚਰ, ਜਮਾਤਵਾਰ ਟੀਚਰ, ਅਪਰ ਪ੍ਰਾਇਮਰੀ ਵਿੱਚ ਵਿਸ਼ਾਵਾਰ ਅਧਿਆਪਕ ਦੇਣ ਲਈ ਸਿੱਖਿਆ ਅਤੇ ਵਿਦਿਆਰਥੀ ਪੱਖੀ ਤਰਕ ਸੰਗਤ ਰੈਸ਼ਨੇਲਾਈਜੇਸਸ਼ਨ ਨੀਤੀ ਬਣਵਾਉਣਾ, ਹਰ ਵਰਗ ਦੀਆਂ ਪਦ ਉਨਤੀਆਂ ਵਿੱਚ ਲਗਾਤਾਰਤਾ ਲਿਆਉਣੀ, ਅਧਿਆਪਕਾਂ ਦੀਆਂ ਗੈਰ ਵਿੱਦਿਅਕ ਕੰਮਾਂ ਵਿੱਚ ਲਗਾਈਆਂ ਡਿਊਟੀਆਂ ਨੂੰ ਤੁਰੰਤ ਰੱਦ ਕਰਾਉਣਾ, ਪੰਜਵੇਂ ਤਨਖਾਹ ਕਮਿਸ਼ਨ ਦੀਆਂ ਤਰੁਟੀਆਂ ਦੂਰ ਕਰਾਉਣਾ ਅਤੇ ਛੇਵੇਂ ਤਨਖਾਹ ਕਮਿਸ਼ਨ ਵਿੱਚ ਅਧਿਆਪਕ / ਮੁਲਾਜ਼ਮ ਪੱਖੀ ਸੋਧਾਂ ਕਰਾਉਣਾ, ਛੇਵੇਂ ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜਾਰੀ ਕਰਵਾ ਕੇ ਏ. ਸੀ.ਪੀ. ਲਾਗੂ ਕਰਾਉਣਾ, ਨਵੇਂ ਭਰਤੀ ਹੋਏ ਅਧਿਆਪਕਾਂ ਨੂੰ ਬਦਲੀ ਦਾ ਮੌਕਾ ਦਵਾਉਣਾ, ਮਿਡ ਡੇ ਮੀਲ ਦੀ ਰਾਸ਼ੀ ਐਡਵਾਂਸ ਵਿੱਚ ਦਵਾਉਣਾ, ਨਵੇਂ ਬਲਾਕ ਪ੍ਰਾਇਮਰੀ ਸਿੱਖਿਆ ਦਫਤਰਾਂ ਵਿੱਚ ਕਲਰਕਾਂ ਦੀ ਪੋਸਟ ਅਤੇ ਹਰੇਕ ਪ੍ਰਾਇਮਰੀ ਸਿੱਖਿਆ ਦਫਤਰ ਵਿੱਚ ਘੱਟੋ ਘੱਟ ਦੋ ਕਲਰਕਾਂ ਦੀਆਂ ਪੋਸਟਾਂ ਦਵਾਉਣਾ, ਕਿਤਾਬਾਂ ਦੇ ਮੁਕੰਮਲ ਸੈੱਟ ਸੈਸ਼ਨ ਦੇ ਸ਼ੁਰੂ ਵਿੱਚ ਦਵਾਉਣਾ, ਵਿਦਿਆਰਥੀਆਂ ਦੇ ਸਰਟੀਫਿਕੇਟ ਦੀ ਹਾਰਡ ਕਾਪੀ ਲੈਣ ਤੇ ਲਗਾਈ ਫੀਸ ਨੂੰ ਮੁੱਢ ਤੋਂ ਰੱਦ ਕਰਾਉਣਾ, ਸੀਈਪੀ ਸਮੇਤ ਸਾਰੇ ਗੈਰ ਵਿਦਿਅਕ ਪ੍ਰੋਜੈਕਟ ਤੁਰੰਤ ਬੰਦ ਕਰਵਾ ਕੇ ਅਧਿਆਪਕਾਂ ਨੂੰ ਜਮਾਤਾਂ ਲਈ ਨਿਰਧਾਰਿਤ ਪ੍ਰਾਠਕ੍ਰਮ ਅਨੁਸਾਰ ਪੜ੍ਹਾਉਣ ਦੀ ਖੁੱਲ੍ਹ ਦਵਾਉਣਾ ਆਦਿ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਰਿਪੋਰਟ ਤੇ ਡੈਲੀਗੇਟਾਂ ਦੇ ਸੁਝਾਵ ਦੇਣ ਤੋਂ ਬਾਅਦ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਜੀ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਸਰਬ ਸੰਮਤੀ ਨਾਲ ਪਾਸ ਕਰਾਇਆ ਗਿਆ ਅਤੇ ਮੰਗ ਪੱਤਰ ਦਾ ਹਿੱਸਾ ਬਣਾਇਆ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਕੇਂਦਰ ਦੀ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਸੈਨਟ ਚੋਣਾਂ ਤੁਰੰਤ ਕਰਵਾਈਆਂ ਜਾਣ, ਇਲਾਹਾਬਾਦ ਹਾਈਕੋਰਟ ਦਾ ਫੈਸਲਾ ਲਾਗੂ ਕਰਨ, ਅਦਾਲਤਾਂ ਵਲੋਂ ਅਧਿਆਪਕਾਂ ਦੇ ਹੱਕ ਵਿੱਚ ਹੋਏ ਫੈਸਲੇ ਜਨਰਲਾਈਜ਼ ਕਰਨ, ਹੜ੍ਹ ਪੀੜਤ ਜਿਲ੍ਹਿਆਂ ਦੇ ਬੱਚਿਆਂ ਦੀਆਂ ਫੀਸਾਂ ਮੁਆਫ ਕਰਨ, ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਸਿਆਸੀ ਦਖਲ ਅੰਦਾਜੀ ਬੰਦ ਕਰਨ, ਸੋਧ ਦੇ ਨਾਂ ਤੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਕਰਨ ਆਦਿ ਮਤੇ ਪਾਸ ਕੀਤੇ ਗਏ। ਜੀ ਟੀ ਯੂ ਪੰਜਾਬ ਦੀ ਜਨਰਲ ਕੌਂਸਲ ਨੇ 13 ਦਸੰਬਰ ਨੂੰ ਮੰਗ ਪੱਤਰ 'ਚ ਦਰਜ ਮੰਗਾਂ ਮਨਾਉਣ ਲਈ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਅਮਨਦੀਪ ਸ਼ਰਮਾ, ਤੀਰਥ ਸਿੰਘ ਬਾਸੀ, ਕੁਲਦੀਪ ਪੁਰੋਵਾਲ, ਗੁਰਪ੍ਰੀਤ ਸਿੰਘ ਅਮੀਵਾਲ, ਮਨੋਹਰ ਲਾਲ ਸ਼ਰਮਾ, ਗੁਰਦੀਪ ਸਿੰਘ ਬਾਜਵਾ, ਬਲਵਿੰਦਰ ਭੁੱਟੋ, ਰਵਿੰਦਰ ਸਿੰਘ ਪੱਪੀ, ਰਾਜੀਵ ਹਾਂਡਾ, ਜੱਜਪਾਲ ਸਿੰਘ ਬਾਜੇਕੇ, ਪ੍ਰਿਤਪਾਲ ਸਿੰਘ ਚੋਟਾਲਾ, ਸੁੱਚਾ ਸਿੰਘ ਟਰਪਈ, ਬਿਕਰਮਜੀਤ ਸਿੰਘ, ਸੁਖਚੈਨ ਸਿੰਘ ਬੱਧਣ, ਸਰਬਜੀਤ ਸਿੰਘ, ਸੁਭਾਸ਼ ਚੰਦਰ, ਪਰਮਜੀਤ ਸੋਰੇਵਾਲਾ, ਅਮਨਦੀਪ ਸਿੰਘ, ਪਰਮਜੀਤ ਸਿੰਘ ਪਟਿਆਲਾ, ਸਤਵੰਤ ਸਿੰਘ ਆਲਮਪੁਰ, ਤੇਜਿੰਦਰ ਸਿੰਘ ਤੇਜੀ, ਬਲਦੇਵ ਸਿੰਘ ਬਠਿੰਡਾ, ਰਛਪਾਲ ਸਿੰਘ ਵੜੈਚ, ਗੁਰਦਾਸ ਸਿੰਘ ਸਿੱਧੂ, ਕੁਲਵਿੰਦਰ ਸਿੰਘ ਮਲੋਟ, ਮੰਗਲ ਸਿੰਘ ਟਾਂਡਾ, ਫ਼ਕੀਰ ਸਿੰਘ ਟਿੱਬਾ, ਬਲਜੀਤ ਸਿੰਘ ਕੁਲਾਰ, ਸੁਖਵਿੰਦਰ ਸਿੰਘ ਮੱਕੜ, ਵੇਦਰਾਜ, ਵਿਨੋਦ ਭੱਟੀ, ਬਲਵੀਰ ਭਗਤ, ਰਗਜੀਤ ਸਿੰਘ, ਗੁਰਿੰਦਰ ਸਿੰਘ, ਹਰਮਨਜੋਤ ਸਿੰਘ ਵਾਲੀਆ, ਲੇਖਰਾਜ ਪੰਜਾਬੀ, ਸੰਦੀਪ ਕੁਮਾਰ, ਪ੍ਰੇਮ ਖਲਵਾੜਾ, ਸੁਖਵਿੰਦਰ ਰਾਮ, ਕੁਲਵੰਤ ਰੁੜਕਾ, ਕੁਲਦੀਪ ਕੌੜਾ, ਰਤਨ ਸਿੰਘ, ਨਿਰਮੋਲਕ ਸਿੰਘ ਹੀਰਾ, ਜਸਵੀਰ ਨਕੋਦਰ, ਕਵਿਸ਼ ਵਾਲੀਆ, ਰਾਜਿੰਦਰ ਸਿੰਘ ਰਾਜਨ, ਰਾਜੇਸ਼ ਅਮਲੋਹ, ਆਦਿ ਹਾਜ਼ਰ ਸਨ।

# ਪੰਜਾਬ ਯੂਨੀਵਰਸਿਟੀ ਪੰਜਾਬ,ਪੰਜਾਬੀਅਤ ਦੀ ਸ਼ਾਨ ਹੈ,ਸਰਕਾਰ ਸੈਨੇਟ ਚੋਣਾਂ ਜਲਦ ਕਰਾਕੇ ਸ਼ਾਂਤੀ ਬਹਾਲ ਕਰੇ : ਸੰਤ ਸਮਾਜ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਨੇ ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਚੋਣਾਂ ਜਲਦ ਕਰਾਉਣ ਅਤੇ ਯੂਨੀਵਰਸਿਟੀ ਅੰਦਰ ਸ਼ਾਂਤੀ ਬਹਾਲ ਕਰਨ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਯੂਨੀਵਰਸਿਟੀ ਪੰਜਾਬ,ਪੰਜਾਬੀਅਤ ਦੀ ਸ਼ਾਨ ਹੈ,ਸਰਕਾਰ ਸੈਨੇਟ ਚੋਣਾਂ ਜਲਦ ਕਰਾਕੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਹੋਣ ਤੋਂ ਬਚਾਵੇ। ਇਸ ਮੌਕੇ ਸੰਤ ਸਮਾਜ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਚਾਓ ਮੋਰਚੇ ਅਤੇ ਵਿਦਿਆਰਥੀਆਂ ਦਾ ਅੰਦੋਲਨ ਪੂਰੇ ਪੰਜਾਬ ਵਾਸੀਆਂ ਦਾ ਸੰਘਰਸ਼ ਹੈ ਇਸਦੀ ਸਫਲਤਾ ਸਿਰਫ਼ ਇਕ ਅੰਦੋਲਨ ਦੀ ਨਹੀਂ, ਸਗੋਂ ਪੂਰੀ ਪੰਜਾਬੀਅਤ ਦੀ ਜਿੱਤ ਹੈ।

ਉਨਾਂ ਕਿਹਾ ਕਿ ਪੰਜਾਬੀ ਕੌਮ ਹਰ ਚੁਣੌਤੀ ਦਾ ਸਾਹਮਣਾ ਏਕਤਾ ਅਤੇ ਜੁਝਾਰੂਪਣ ਨਾਲ ਕਰਨਾ ਜਾਣਦੀ ਹੈ, ਇਸ ਲਈ ਸਰਕਾਰਾਂ ਨੂੰ ਵਿਦਿਆਰਥੀਆਂ ਦੇ ਸਬਰ , ਸਿਦਕ ਦਾ ਇਮਤਿਹਾਨ ਲਏ ਬਿਨਾਂ ਜਲਦ ਤੋਂ ਜਲਦ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦਾ ਐਲਾਨ ਕਰਕੇ ਪੰਜਾਬ ਦੇ ਅਮਨ, ਸ਼ਾਂਤੀ ਤੇ ਭਾਈਚਾਰੇ ਦੇ ਮਾਹੌਲ ਨੂੰ ਕਾਇਮ ਰੱਖਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਓਹਨਾਂ ਕਿਹਾ ਪੰਜਾਬ ਯੂਨੀਵਰਸਿਟੀ ਸਾਡੀ ਸ਼ਾਨ ਹੈ, ਇਸ ‘ਤੇ ਪੰਜਾਬ ਦਾ ਹੱਕ ਅਟੱਲ ਹੈ। ਇਸ ਮੌਕੇ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ , ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ,ਬਾਬਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਅਤੇ "ਨਾਰੀ ਫਾਊਡੇਸ਼ਨ ਭਾਰਤ" ਤੋਂ ਇਲਾਵਾ ਕੌਮ ਦੇ ਪ੍ਰਚਾਰਕ, ਬੁੱਧੀਜੀਵੀ ਸਖਸ਼ੀਅਤਾਂ ਵੀ ਹਾਜਰ ਸਨ।



**ਫੋਟੋ ਅਜਮੇਰ ਦੀਵਾਨਾ**

# ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸੱਚ ਦੀ ਭੂਮਿਕਾ

ਦੁਨੀਆ ਵਿੱਚ ਵਿਚਰਦੇ ਹੋਏ ਹਰ ਮਨੁੱਖ ਦਾ ਆਪਣਾ ਆਪਣਾ ਸੁਭਾਅ ਅਤੇ ਕਿਰਦਾਰ ਹੁੰਦਾ ਹੈ। ਲੋਕਾਂ ਪ੍ਰਤੀ ਵਰਤਾਰਾ ਵੀ ਹਰ ਵਿਅਕਤੀ ਦਾ ਆਪਣੇ ਸੁਭਾਅ ਮੁਤਾਬਿਕ ਹੀ ਉਪਜਦਾ ਹੈ। ਹਰ ਵਿਅਕਤੀ ਦੇ ਸੁਭਾਅ ਦੀ ਸਿਰ-ਜਣਾ ਵੀ ਕਈ ਪੱਖਾਂ ਦੇ ਸੁਮੇਲ ਨਾਲ ਹੁੰਦੀ ਹੈ। ਸੁਭਾਅ ਵਿੱਚ ਸਭ ਤੋਂ ਪਹਿਲਾਂ ਮਾਪਿਆਂ ਵੱਲੋਂ ਕੁਦਰਤੀ ਤੌਰ ਤੇ ਮਿਲੇ ਗੁਣ- ਔਗੁਣ ਹੁੰਦੇ ਹਨ ਤੇ ਕੁਝ ਪਰਿਵਾਰ ਵਿੱਚੋਂ ਮਿਲੇ ਸੰਸਕਾਰ ਹੁੰਦੇ ਹਨ। ਫਿਰ ਜਿਵੇਂ ਜਿਵੇਂ ਜਿਹੋ ਜਿਹੀ ਦੁਨੀਆ ਵਿੱਚੋਂ ਦੀ ਵਿਚਰਦਾ ਹੋਇਆ ਅੱਗੇ ਵਧਦਾ ਜਾਂਦਾ ਹੈ, ਉਹੋ ਜਿਹੇ ਕੁਝ ਗੁਣ ਔਗੁਣ ਆਪਣੇ ਆਲ਼ੇ ਦੁਆਲ਼ੇ ਵਿੱਚੋਂ ਇਕੱਤਰ ਕਰਦਾ ਹੈ ਜਿਸ ਦੀ ਰੰਗਤ ਉਸ ਉੱਪਰ ਸਹਿਜ ਸੁਭਾਅ ਹੀ ਚੜ੍ਹਦੀ ਜਾਂਦੀ ਹੈ। ਉਹੀ ਰੰਗਤ ਅਤੇ ਆਪਣੇ ਕੁਦਰਤੀ ਸੁਭਾਅ ਦੇ ਮੇਲ ਨਾਲ ਜਿਹੋ ਜਿਹੇ ਢੰਗ ਨਾਲ ਆਪਣੇ ਆਪ ਨੂੰ ਦੁਨੀਆਂ ਵਿੱਚ ਪੇਸ਼ ਕਰਦਾ ਹੈ,ਉਹ ਉਸ ਦੀ ਆਪਣੀ ਸ਼ਖ਼ਸੀਅਤ ਬਣ ਜਾਂਦੀ ਹੈ। ਕਈ ਲੋਕ ਬਹੁਤ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਹੁੰਦੇ ਹਨ ਅਤੇ ਕਈ ਆਪਣੇ ਆਪ ਦਾ ਪ੍ਰਭਾਵ ਦੂਜਿਆਂ ਉੱਪਰ ਨਹੀਂ ਪਾ ਸਕਦੇ। ਮਨੁੱਖ ਦੀ ਸ਼ਖ਼ਸੀਅਤ ਨੂੰ ਉਭਾਰਨ ਲਈ ਅੱਜ ਕੱਲ੍ਹ ਕਈ ਤਰ੍ਹਾਂ ਦੇ ਸਿਖਲਈ (ਪਰਸਨੈਲਿਟੀ ਡਿਵੈਲਪਮੈਂਟ ਕੋਰਸ) ਕੇਂਦਰ ਵੀ ਖੁੱਲ੍ਹ ਰਹੇ ਹਨ ਜਿਸ ਵਿੱਚ ਲੋਕਾਂ ਨੂੰ ਗੱਲ ਬਾਤ ਕਰਨ ਦਾ ਢੰਗ ਤੇ ਸਲੀਕਾ ਸਿਖਾਇਆ ਜਾਂਦਾ ਹੈ । ਆਪਣੇ ਆਪ ਨੂੰ ਦੂਜਿਆਂ ਸਾਹਮਣੇ ਕਿਵੇਂ ਪੇਸ਼ ਕਰਨਾ ਹੈ ਜਾਂ ਫਿਰ ਸਮਾਜਿਕ ਵਰਤਾਰੇ ਅਨੁਸਾਰ ਲੋਕਾਂ ਵਿੱਚ ਵਿਚਰਨਾ ਆਦਿ ਵੀ ਸਿਖਾਇਆ ਜਾਂਦਾ ਹੈ। ਪਰ ਇਹੋ ਜਿਹੇ ਸਿਖਲਾਈ ਕੇਂਦਰਾਂ ਤੇ ਸਿਖਲਾਈ ਲੈਣ ਜਾਣਾ ਹਰ ਕਿਸੇ ਦੀ ਜ਼ਰੂਰਤ ਜਾਂ ਦਿਲਚਸਪੀ ਨਹੀਂ ਹੁੰਦੀ। ਇਸ ਨੂੰ ਅਮੀਰਾਂ ਦੇ ਚੋਚਲੇ ਵੀ ਆਖਿਆ ਜਾ ਸਕਦਾ ਹੈ ਜਾਂ ਫਿਰ ਕਿਸੇ ਖਾਸ ਕਿੱਤੇ ਵਿੱਚ ਜਾਣ ਦੀ ਜ਼ਰੂਰਤ ਵੀ ਹੋ ਸਕਦੀ ਹੈ। ਪਰ ਇੱਕ ਆਮ ਵਿਅਕਤੀ ਤਾਂ ਕੁਦਰਤੀ ਤੌਰ ਤੇ ਹੀ ਜੋ ਆਪਣੇ ਆਲੇ ਦੁਆਲੇ ਤੋਂ ਸਿੱਖਿਆ ਹੁੰਦਾ ਹੈ ਉਸ ਅਨੁਸਾਰ ਹੀ ਸੁਭਾਵਿਕ ਤੌਰ ਤੇ ਦੁਨੀਆ ਵਿੱਚੋਂ ਵਿਚਰਦਾ ਹੈ। ਹਰ ਵਿਅਕਤੀ ਦੀ ਸ਼ਖ਼ਸੀਅਤ ਵਿਚਾਰਾਂ, ਭਾਵਨਾਵਾਂ ਅਤੇ ਵਿਹਾਰਾਂ ਦੇ ਗੁਣਾਂ ਦੇ ਪੈਟਰਨਾਂ ਤੋਂ ਤਿਆਰ ਹੁੰਦੀ ਹੈ ਜੋ ਹਰ ਕਿਸੇ ਨੂੰ ਵਿਲੱਖਣ ਬਣਾਉਂਦੀ ਹੈ।

ਸੁਭਾਵਿਕ ਤੌਰ ਤੇ ਹੀ ਮਨੁੱਖ ਦੀ ਸ਼ਖ਼ਸੀਅਤ ਦਾ ਜੋ ਅਸਰ ਦੂਜਿਆਂ ਤੇ ਪੈਂਦਾ ਹੈ ਉਸ ਤੋਂ ਹੀ ਮਨੁੱਖ ਦੇ ਚੰਗੇ ਜਾਂ ਮਾੜੇ ਹੋਣ ਦਾ ਦੂਜਿਆਂ ਨੂੰ ਪਤਾ ਲੱਗਦਾ ਹੈ। ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸੱਚ ਦਾ ਬਹੁਤ ਮਹੱਤਵ ਹੈ। ਸੱਚ ਇੱਕ ਅਜਿਹਾ ਗੁਣ ਹੈ ਜੋ ਕਿਸੇ ਵੀ ਮਨੁੱਖੀ ਸ਼ਖ਼ਸੀਅਤ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਇੱਕ ਵਧੀਆ ਜ਼ਰੀਆ ਹੈ। ਉਦਾਹਰਣ ਦੇ ਤੌਰ ਤੇ ਜੇ ਕਿਸੇ ਵਿਅਕਤੀ ਬਾਰੇ ਉਸ ਦੇ ਬਿਲਕੁਲ ਸੱਚਾ-ਸੁੱਚਾ ਹੋਣ ਦੀ ਧਾਰਨਾ ਬਣ ਜਾਵੇ ਤਾਂ ਹਰ ਕੋਈ ਉਸ ਨੂੰ ਇੱਜ਼ਤ ਦੀ ਨਿਗਾਹ ਨਾਲ ਦੇਖਦਾ ਹੈ। ਕਿਸੇ ਵਿਅਕਤੀ ਦੇ ਸੱਚ ਵਰਗੇ ਗੁਣ ਦਾ ਧਾਰਨੀ ਹੋਣਾ ਉਸ ਦੀ ਸ਼ਖ਼ਸੀਅਤ ਨੂੰ ਹੀ ਬਦਲ ਕੇ ਰੱਖ ਦਿੰਦਾ ਹੈ। ਉਸ ਦੀ ਸ਼ਖ਼ਸੀਅਤ ਵਿੱਚ ਇਸ ਇੱਕ ਗੁਣ ਨੂੰ ਅਪਣਾਉਣ ਕਰਕੇ ਹੋਰ ਕਈ ਸਾਰੇ ਗੁਣ ਆਪਣੇ ਆਪ ਜਨਮ ਲੈ ਲੈਂਦੇ ਹਨ। ਜਿਹੜੇ ਵਿਅਕਤੀ ਅੰਦਰ ਸੱਚ ਦਾ ਵਾਸ ਹੋਵੇ ਉਸ ਅੰਦਰ ਕਿਸੇ ਗੱਲ ਦਾ ਭੈਅ ਨਹੀਂ ਰਹਿੰਦਾ।ਉਸ ਅੰਦਰ ਨਿਡਰਤਾ ਵਰਗਾ ਗੁਣ ਉਪਜਦਾ ਹੈ।ਉਸ ਦੇ ਅੰਦਰ ਕਿੰਤੂ ਪ੍ਰੰਤੂ ਵਾਲੀ ਧਾਰਨਾ ਵੀ ਖ਼ਤਮ ਹੋ ਜਾਂਦੀ ਹੈ। ਉਹ ਹਰ ਤਰ੍ਹਾਂ ਦੇ ਵਿਅਕਤੀ ਅਤੇ ਹਾਲਾਤਾਂ ਅੱਗੇ ਬਹੁਤ ਨਿਡਰਤਾ ਨਾਲ ਖੜ ਸਕਦਾ ਹੈ।ਉਸ ਦੀ ਸ਼ਖ਼ਸੀਅਤ ਦਲੇਰ ਬਣਦੀ ਹੈ ਕਿਉਂਕਿ ਇਸ ਤੋਂ ਉਲਟ ਝੂਠ ਦੀਆਂ ਅੱਖਾਂ ਅੱਗੇ ਹਰ ਵੇਲੇ ਫੜੇ ਜਾਣ ਦਾ ਭੈਅ ਉਪਜਦਾ ਹੈ, ਭੈਅ ਤੋਂ ਸਹਿਮ ਪੈਦਾ ਹੁੰਦਾ ਹੈ। ਸਹਿਮਿਆ ਅਤੇ ਡਰਿਆ ਹੋਇਆ ਵਿਅਕਤੀ ਕਦੇ ਵੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਨਹੀਂ ਹੋ ਸਕਦਾ। ਗੱਲ ਇੱਥੇ ਹੀ ਨਹੀਂ ਮੁੱਕਦੀ, ਸੱਚੇ ਵਿਅਕਤੀ ਅੰਦਰੋਂ ਜਿੱਥੇ ਭੈਅ ਮੁਕਤ ਹੋ ਕੇ ਦਲੇਰੀ ਵਰਗੇ ਗੁਣ ਉਪਜਦੇ ਹਨ ਉੱਥੇ ਹੀ ਨਿਰਪੱਖਤਾ ਵਰਗਾ ਗੁਣ ਜਨਮ ਲੈਂਦਾ ਹੈ ਕਿਉਂਕਿ ਸੱਚਾ ਵਿਅਕਤੀ ਪੱਖਪਾਤੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਸਿਰਫ਼ ਸੱਚ ਦਾ ਸਾਥ ਦਿੰਦਾ ਹੈ। ਜਿਸ ਨਾਲ ਅੱਗੋਂ ਉਸ ਉੱਤੇ ਨਿੱਜਤਾ ਭਾਰੂ ਨਹੀਂ ਹੋ ਸਕਦੀ। ਨਿੱਜਤਾ ਤੋਂ ਉੱਪਰ ਉੱਠਿਆ ਵਿਅਕਤੀ ਚੰਗੇ ਮਾੜੇ ਦੀ ਪਰਖ਼ ਸਹਿਜੇ ਹੀ ਕਰ ਸਕਦਾ ਹੈ। ਉਹ ਇੱਕ ਚੰਗਾ ਪਾਰਖੂ ਬਣ ਜਾਂਦਾ ਹੈ। ਜਿਸ ਨਾਲ ਉਹ ਬੁਰੇ ਲੋਕਾਂ ਤੋਂ ਸਹਿਜੇ ਹੀ ਆਪਣੀ ਦੂਰੀ ਬਣਾਉਣ ਦੇ ਯੋਗ ਬਣ ਜਾਂਦਾ ਹੈ। ਇਹੋ ਜਿਹਾ ਵਿਅਕਤੀ ਸਮਾਜ ਵਿੱਚ ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਦਰਜਾ ਹਾਸਲ ਕਰਦਾ ਹੈ। ਜ਼ਿੰਦਗੀ ਵਿੱਚ ਸਚਾਈ ਵਰਗਾ ਇੱਕ ਗੁਣ ਅਪਣਾਉਣ ਨਾਲ ਮਨੁੱਖ ਜਿੱਥੇ ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਬਣਦਾ ਹੈ ਉੱਥੇ ਸੱਚ ਦਾ ਸਾਥ ਦੇਣ ਵਾਲੇ ਵਿਅਕਤੀ ਦਾ ਮਨ ਵੀ ਪ੍ਰਸੰਨ ਰਹਿੰਦਾ ਹੈ।ਮਨ ਪ੍ਰਸੰਨ ਰਹਿਣ ਨਾਲ ਇਹੋ ਜਿਹਾ ਵਿਅਕਤੀ ਆਪਣੇ ਆਲ਼ੇ ਦੁਆਲ਼ੇ ਇੱਕ ਖੁਸ਼ਗਵਾਰ ਮਾਹੌਲ ਸਿਰਜਦਾ ਹੈ ।ਇਸ ਤਰ੍ਹਾਂ ਖੁਸ਼ੀ ਭਰਿਆ ਵਾਤਾਵਰਨ ਸਿਰਜਣ ਨਾਲ਼ ਉਹ ਮਾਨਸਿਕ ਤੌਰ ਤੇ ਤੰਦਰੁਸਤ ਅਤੇ ਖੁਸ਼ਹਾਲ ਜੀਵਨ ਬਤੀਤ ਕਰਨ ਦੇ ਸਮਰੱਥ ਹੁੰਦਾ ਹੈ। ਇਸ ਤਰ੍ਹਾਂ ਸੱਚ ਇੱਕ ਇਹੋ ਜਿਹਾ ਗੁਣ ਹੈ ਜੋ ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਪ੍ਰਭਾਵਸ਼ਾਲੀ ਅਤੇ ਉਸ ਦੇ ਜੀਵਨ ਨੂੰ ਖੁਸ਼ਗਵਾਰ ਬਣਾਉਂਦਾ ਹੈ। ਇਸ ਇੱਕ ਗੁਣ ਨੂੰ ਧਾਰਨ ਕਰ ਕੇ ਬਾਕੀ ਗੁਣ ਮਨੁੱਖ ਅੰਦਰ ਆਪਣੇ ਆਪ ਉਪਜਦੇ ਹਨ।ਇਸ ਲਈ ਸੱਚ ਦਾ ਪੱਲਾ ਫੜਿਆਂ ਹਰ ਵਿਅਕਤੀ ਇੱਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਬਣ ਸਕਦਾ ਹੈ।



**ਬਰਜਿੰਦਰ ਕੌਰ ਬਿਸਰਾਓ...**
9988901324

# ਲੋਕਤੰਤਰ ਬਚਾਉਣ ਦਾ ਤਰੀਕਾ




ਭਾਰਤ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਬੇਨਤੀ ਹੈ ਕਿ ਲੋਕਤੰਤਰ ਨੂੰ ਬਚਾਉਣ ਲਈ ਇੱਕ ਨਵਾਂ ਕਾਨੂੰਨ ਬਣਾਓ। ਇੱਕ ਨਾਗਰਿਕ ਆਪਣੇ ਮਨਪਸੰਦ ਉਮੀਦਵਾਰ ਨੂੰ ਵੋਟ ਦੇ ਕੇ ਵਿਧਾਇਕ ਜਾਂ ਸਾਂਸਦ ਚੁਣਦਾ ਹੈ। ਇਹ ਚੁਣੇ ਹੋਏ ਉਮੀਦਵਾਰ ਜਦ ਆਪਣੇ ਵੋਟਰਾਂ ਸਪੋਰਟਰਾਂ ਦੀਆਂ ਉਮੀਦਾਂ ਤੇ ਖਰੇ ਨਹੀਂ ਉਤਰਦੇ ਤਾਂ ਵੋਟਰ ਬਹੁਤ ਪਛਤਾਉਂਦਾ ਹੈ ਕਿ ਉਹ ਸਹੀ ਉਮੀਦਵਾਰ ਨੂੰ ਨਹੀਂ ਚੁਣ ਸਕਿਆ। ਇਸ ਵਿੱਚ ਸੁਧਾਰ ਲਿਆਉਣ ਲਈ ਹਰ ਇੱਕ ਸਾਲ ਬਾਅਦ ਯਾਨੀ ਕਿ ਪੰਜ ਸਾਲਾਂ ਚ ਪੰਜ ਵਾਰੀ ਹਰ ਨਾਗਰਿਕ ਨੂੰ ਆਪਣੀ ਵੋਟ ਵਾਪਸ ਲੈਣ ਲਈ ਵੀ ਚੋਣਾ ਹੋਣੀਆਂ ਚਾਹੀਦੀਆਂ ਹਨ। ਜੇਕਰ ਕੋਈ ਉਮੀਦਵਾਰ 100 ਵੋਟਾਂ ਤੇ ਜਿੱਤਕੇ ਵਿਧਾਇਕ ਜਾਂ ਸਾਂਸਦ ਹੈ ਅਤੇ ਉਸ ਤੋਂ ਉਸਦੇ ਵੋਟਰ ਅਤੇ ਸਪੋਰਟਰ ਖੁਸ਼ ਨਹੀਂ ਹਨ ਤਾਂ ਉਹ ਆਪਣੀ ਵੋਟ ਵਾਪਸ ਲੈ ਸਕਣ। ਇਸ ਤੋਂ ਅੱਗੇ ਗੱਲ ਇਹ ਹੈ ਕਿ ਜੇਕਰ 100 ਵੋਟਾਂ ਦੇ ਫਰਕ ਨਾਲ ਜਿੱਤੇ ਹੋਏ ਵਿਧਾਇਕ ਜਾਂ ਸਾਂਸਦ ਤੋਂ 101 ਵੋਟਰ ਵੀ ਆਪਣੀ ਵੋਟ ਵਾਪਸ ਲੈ ਲੈਣ ਤਾਂ ਉਸ ਤੋਂ ਘੱਟ ਵੋਟ ਲੈਣ ਵਾਲੇ ਵਿਅਕਤੀ ਨੂੰ ਵਿਧਾਇਕ ਜਾਂ ਸਾਂਸਦ ਬਣਾ ਦੇਣਾ ਚਾਹੀਦਾ ਹੈ। ਇਸ ਸਿਸਟਮ ਨਾਲ ਵੋਟਰਾਂ ਦੀ ਤਾਕਤ ਤੋਂ ਡਰਦੇ ਹੋਏ ਸਾਰੇ ਵਿਧਾਇਕ ਅਤੇ ਸਾਂਸਦ ਜਨਹਿੱਤ ਵਿੱਚ ਕੰਮ ਕਰਨ ਲਈ ਮਜਬੂਰ ਹੋ ਜਾਣਗੇ।



**ਹਰੀਸ਼ ਕੁਮਾਰ**
9465023000

# ਮੋਹ ਦੇ ਰਿਸ਼ਤੇ

ਨਿੱਕੇ ਹੁੰਦਿਆਂ ਨੂੰ ਰਿਸ਼ਤਿਆਂ ਅਤੇ ਉਹਨਾਂ ਦੇ ਨਾਵਾਂ ਦੀ ਬਹੁਤੀ ਸਮਝ ਨਹੀਂ ਸੀ । ਜਦੋਂ ਕਦੇ ਪਾਪਾ ਦੇ ਮਾਮੀ ਜੀ ਵਰਗੇ ਸਾਡੇ ਕੋਲ ਆਉਂਦੇ ਤਾਂ ਉਹ ਮੇਰੇ ਦਾਦੀ ਜੀ ਨੂੰ ਬੀਬੀ ਜੀ ਕਹਿੰਦੇ । ਅਸੀਂ ਵੀ ਆਪਣੇ ਦਾਦੀ ਨੂੰ ਸਾਰੇ ਬੀਬੀ ਕਹਿੰਦੇ ਸੀ । ਪਰ ਸਮਝ ਨਾ ਆਉਂਦੀ ਵੀ ਮਾਮੀ ਜੀ ਤਾਂ ਵੱਡੇ ਨੇ ਫਿਰ ਉਹ ਦਾਦੀ ਨੂੰ ਬੀਬੀ ਕਿਉਂ ਕਹਿੰਦੇ ਹਨ । ਹੌਲੀ-ਹੌਲੀ ਵੱਡੇ ਹੋਇਆ ਤੋਂ ਪਤਾ ਲੱਗਿਆ ਵੀ ਮਾਮੀ ਜੀ ਤੇ ਦਾਦੀ ਜੀ ਦਾ ਨਨਾਣ ਭਰਜਾਈ ਦਾ ਰਿਸ਼ਤਾ ਹੈ ਤੇ ਭਰਜਾਈ ਆਪਣੀ ਨਨਾਣ ਨੂੰ ਬੀਬੀ ਕਹਿੰਦੀ ਹੈ । ਮੇਰੇ ਮੰਮੀ ਮੇਰੇ ਭੂਆ ਜੀ ਨੂੰ ਭੈਣ ਜੀ ਕਹਿੰਦੇ । ਸ਼ਾਇਦ ਸਮਾਂ ਬਦਲਣ ਨਾਲ ਬੀਬੀ ਜੀ ਸ਼ਬਦ ਨੇ ਭੈਣ ਜੀ ਸ਼ਬਦ ਦਾ ਰੂਪ ਲੈ ਲਿਆ । ਮੇਰੀ ਭਰਜਾਈ ਮੈਨੂੰ



ਦੀਦੀ ਕਹਿ ਬੁਲਾਉਂਦੀ ਹੈ । ਰਿਸ਼ਤਿਆਂ ਦੇ ਨਾਮ ਸਮੇਂ ਨਾਲ ਬਦਲ ਜਾਂਦੇ ਹਨ । ਪਰ ਨਾਮ ਚਾਹੇ ਬਦਲ ਜਾਣ ਪਰ ਰਿਸ਼ਤਿਆਂ ਵਿਚਲਾ ਮੋਹ - ਪਿਆਰ , ਸਨੇਹ ਤੇ ਆਪਣਾਪਨ ਕਦੇ ਵੀ ਨਹੀਂ ਬਦਲਣਾ ਚਾਹੀਦਾ

**ਜਸਪ੍ਰੀਤ ਕੌਰ ਧਾਲੀਵਾਲ।**

# ਯੂਕੇ-ਭਾਰਤ ਵਪਾਰ ਸਮਝੌਤਾ "ਵੱਡੀਆਂ ਕੰਪਨੀਆਂ ਵੱਲ ਝੁਕਿਆ ਹੋਇਆ", ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੀ ਚੇਤਾਵਨੀ

**ਸਮਾਜ ਵੀਕਲੀ ਯੂ ਕੇ**

**ਲੰਡਨ** – ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਵੇਂ ਯੂਕੇ-ਭਾਰਤ ਮੁਫ਼ਤ ਵਪਾਰ ਸਮਝੌਤੇ (FTA) ਬਾਰੇ ਚਿੰਤਾ ਜਤਾਈ ਹੈ, ਕਿਉਂਕਿ ਇਹ ਸਮਝੌਤਾ ਵੱਡੀਆਂ ਮਲਟੀਨੇਸ਼ਨਲ ਕੰਪਨੀਆਂ ਅਤੇ ਉੱਚ-ਹੁਨਰਮੰਦ ਪ੍ਰੋਫੈਸ਼ਨਲ ਕਰਮਚਾਰੀਆਂ ਨੂੰ ਤਰਜੀਹ ਦਿੰਦਾ ਹੈ, ਜਦੋਂ ਕਿ ਯੂਕੇ ਵਿੱਚ ਰਹਿੰਦੇ ਆਮ ਭਾਰਤੀ ਅਤੇ ਮਾਈਗ੍ਰੈਂਟ ਮਜ਼ਦੂਰਾਂ ਲਈ ਕੋਈ ਸਿੱਧਾ ਲਾਭ ਨਹੀਂ।

ਸਮਾਜ ਵੀਕਲੀ ਨਿਊਜ਼

ਜੁਲਾਈ 2025 ਵਿੱਚ ਸਾਇਨ ਕੀਤੇ ਗਏ ਇਸ ਸਮਝੌਤੇ ਵਿੱਚ ਇਹ ਪ੍ਰਾਵਧਾਨ ਹੈ ਕਿ ਯੂਕੇ ਵਿੱਚ ਅਸਥਾਈ ਤਾਇਨਾਤ ਕੀਤੇ ਗਏ ਭਾਰਤੀ ਕਰਮਚਾਰੀ 36 ਮਹੀਨੇ ਤੱਕ ਯੂਕੇ ਦਾ ਨੈਸ਼ਨਲ ਇਨਸ਼ੋਰੈਂਸ ਨਹੀਂ ਭਰਨਗੇ, ਜੇ ਉਹ ਭਾਰਤ ਦੇ Employee Proivdent Fund (EPF) ਵਿੱਚ ਯੋਗਦਾਨ ਜਾਰੀ ਰੱਖਣ। ਸਰਕਾਰੀ ਅੰਦਾਜ਼ਿਆਂ ਮੁਤਾਬਕ ਇਹ ਵਿਵਸਥਾ ਤਕਰੀਬਨ 75,000 ਉੱਚ-ਹੁਨਰਮੰਦ ਵਰਕਰਾਂ 'ਤੇ ਲਾਗੂ ਹੋ ਸਕਦੀ ਹੈ—ਖ਼ਾਸ ਕਰਕੇ IT, ਇੰਜੀਨੀਅਰਿੰਗ ਅਤੇ ਫ਼ਾਇਨੈਂਸ ਖੇਤਰ ਵਿੱਚ।

ਪਰ ਮਜ਼ਦੂਰ ਹੱਕਾਂ ਲਈ ਕੰਮ ਕਰ ਰਹੀਆਂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਸਮਝੌਤਾ ਘੱਟ-ਤਨਖ਼ਾਹ, ਅਸਥਿਰ ਅਤੇ ਮਿਹਨਤਕਸ਼ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ।

"ਇਹ ਵਪਾਰਕ ਸਮਝੌਤਾ ਵੱਡੀਆਂ ਕੰਪਨੀਆਂ ਲਈ ਹੈ, ਮਿਹਨਤਕਸ਼ ਲੋਕਾਂ ਲਈ ਨਹੀਂ,"

ਕਿਹਾ ਸੀਤਲ ਸਿੰਘ ਗਿੱਲ, ਜਨਰਲ



Sital Singh Gill, General Secretary of the Indian Workers Association (G.B.)

ਸੈਕਰਟਰੀ, ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ।

"ਨਵੀਆਂ ਨੌਕਰੀਆਂ ਨਹੀਂ, ਕੋਈ ਨਵੇਂ ਹੱਕ ਨਹੀਂ, ਨਾ ਹੀ ਘੱਟ-ਤਨਖ਼ਾਹ ਵਾਲਿਆਂ ਲਈ ਕੋਈ ਸੁਰੱਖਿਆ। ਵਪਾਰ ਲਾਭ ਨਾਲ ਨਹੀਂ, ਸਮਜੋਤਾ ਸਮੁੱਚੇ ਲੋਕਾਂ ਦੀ ਭਲਾਈ ਨਾਲ ਜੁੜਿਆ ਹੋਣਾ ਚਾਹੀਦਾ ਹੈ।"

**ਅਗਲੇ ਸਾਲ ਲਾਗੂ ਹੋਣ ਦੀ ਉਮੀਦ**

ਭਾਵੇਂ ਇਹ ਸਮਝੌਤਾ ਸਾਇਨ ਹੋ ਚੁੱਕਾ ਹੈ, ਪਰ ਅਜੇ ਤੱਕ ਲਾਗੂ ਨਹੀਂ ਹੋਇਆ।

ਦੋਵੇਂ ਸਰਕਾਰਾਂ ਨੇ ਇਸ਼ਾਰਾ ਦਿੱਤਾ ਹੈ ਕਿ ਇਹ ਅਗਲੇ ਸਾਲ ਦੇ ਸ਼ੁਰੂ ਵਿੱਚ ਲਾਗੂ ਹੋ ਸਕਦਾ ਹੈ, ਜਿਵੇਂ ਹੀ ਯੂਕੇ ਅਤੇ ਭਾਰਤ ਦੀਆਂ ਮਨਜ਼ੂਰੀ (raitifcaiton) ਪ੍ਰਕਿਰਿਆਵਾਂ ਪੂਰਨ ਹੋਣਗੀਆਂ।

ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ 8-9 ਅਕਤੂਬਰ 2025 ਦੀ ਭਾਰਤ ਯਾਤਰਾ ਦੌਰਾਨ ਦੋਵੇਂ ਦੇਸ਼ਾਂ ਨੇ FTA ਦੇ ਜਲਦੀ ਲਾਗੂ ਹੋਣ ਲਈ ਆਪਣਾ ਵਚਨ ਦੁਹਰਾਇਆ। ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਇਹ ਯਾਤਰਾ "ਸਮਝੌਤੇ ਦੀ ਤੇਜ਼ ਤਰੱਕੀ" ਲਈ ਸੀ, ਜਦੋਂ ਕਿ ਸਟਾਰਮਰ ਨੇ ਸਪਸ਼ਟ ਕੀਤਾ ਕਿ ਇਹ ਸਮਝੌਤਾ ਯੂਕੇ ਦੀ ਵੀਜ਼ਾ ਨੀਤੀ 'ਤੇ ਅਸਰ ਨਹੀਂ ਪਾਵੇਗਾ।

1938 ਤੋਂ ਮਜ਼ਦੂਰ ਹੱਕਾਂ, ਬਰਾਬਰੀ ਅਤੇ ਨਿਆਂ ਲਈ ਲੜਦੀ ਆ ਰਹੀ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਐਲਾਨ ਕੀਤਾ ਹੈ ਕਿ ਇਹ ਸਮਝੌਤੇ ਦੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਲੈਸਟਰ, ਕਵੈਂਟਰੀ, ਬਰਮਿੰਘਮ ਅਤੇ ਲੰਡਨ ਵਿੱਚ ਕਮਿਊਨਿਟੀ ਮੀਟਿੰਗਾਂ ਕਰੇਗੀ। "ਜੇ ਯੂ.ਕੇ. ਅਤੇ ਭਾਰਤ ਸੱਚਮੁੱਚ ਦੋਸਤੀ ਦੀ ਗੱਲ ਕਰਦੇ ਹਨ," ਸ਼੍ਰੀ ਗਿੱਲ ਨੇ ਕਿਹਾ,

"ਤਾਂ ਇਹ ਦੋਸਤੀ ਉਹਨਾਂ ਲੋਕਾਂ ਦੀ ਭਲਾਈ ਤੇ ਇਨਸਾਫ਼ 'ਤੇ ਟਿਕੀ ਹੋਣੀ ਚਾਹੀਦੀ ਹੈ — ਜੋ ਮਿਹਨਤ ਕਰਦੇ ਹਨ, ਨਾ ਕਿ ਸਿਰਫ਼ ਉਹ ਜੋ ਮਾਲੀ ਲਾਭ ਲਈ ਸੌਦੇ ਕਰਦੇ ਹਨ।"







Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com